# ਸੰਖੇਪ ਜੀਵਨ

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਮੁਖਤਾਰ ਸਿੰਘ ਗੁਰਾਇਆ

ਪ੍ਰਕਾਸ਼ਕ:
ਡਾ.ਇੰਦਰਜੀਤ ਕੌਰ, ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.)
ਅੰਮ੍ਰਿਤਸਰ।

**ਸੰਖੇਪ ਜੀਵਨ**
**ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ**

**ਮੁਖਤਾਰ ਸਿੰਘ ਗੁਰਾਇਆ**
ਡੀ-577, ਰਣਜੀਤ ਐਵੀਨਿਊ,
ਅੰਮ੍ਰਿਤਸਰ -143001
ਮੋਬਾ : +91-98551-22568

©-ਲੇਖਕ

ਪਹਿਲੀ ਛਾਪ : 5,000 ਅਗਸਤ, 2018
ਦੂਸਰੀ ਛਾਪ : 10,000 ਦਸੰਬਰ, 2018
ਤੀਸਰੀ ਛਾਪ : 20,000 ਫ਼ਰਵਰੀ, 2020

ਭੇਟਾ ਰਹਿਤ

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ, ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।
ਫ਼ੋਨ: 0183-2584586, 2584713, ਫੈਕਸ: 0183-2584586
website:www. pingalwara.org E-mail: pingalwara57@gmail.com

# ਸਮਰਪਣ

**ਖ਼ਾਲਸਾ ਪੰਥ ਦੀ ਅਣਖ, ਸੁੱਚਾਚਰਨ,**
**ਖੜਗ ਅਤੇ ਖੰਡੇ ਦੇ ਨਾਂ**

## ਤ੍ਵ ਪ੍ਰਸਾਦਿ॥ ਸ੍ਰੀ ਮੁਖਬਾਕ ਪਾਤਸ਼ਾਹੀ ੧੦॥

ਦੋਹਰਾ॥ ਨਮਸ਼ਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥
ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥

## ਤ੍ਰਿਭੰਗੀ ਛੰਦ॥ ਸ੍ਰੀ ਕਾਲ ਜੀ ਕੀ ਉਸਤਤਿ॥

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥੨॥

# ਤਤਕਰਾ

**ਮੁਖ ਬੰਦ** **6**
**ਭੂਮਿਕਾ** **7**
**ਸ਼ਹੀਦ ਬਾਬਾ ਦੀਪ ਸਿੰਘ ਜੀ** **9**
1. ਜਨਮ ਤੇ ਬਚਪਨ 9
2. ਅਨੰਦਪੁਰ ਸਾਹਿਬ ਜਾਣਾ ਅਤੇ ਅੰਮ੍ਰਿਤਪਾਨ ਕਰਨਾ 10
3. ਅਨੰਦਪੁਰ ਵਿਚ 11
4. ਅਨੰਦਪੁਰ ਤੋਂ ਦਿੱਲੀ ਜਾਣਾ 11
5. ਗੁਰੂ ਗੋਬਿੰਦ ਸਿੰਘ ਵਲੋਂ ਦਮਦਮਾ ਸਾਹਿਬ ਵਿਖੇ ਦਮਦਮੀ ਬੀੜ ਤਿਆਰ ਕਰਨ ਵਿੱਚ ਭਾਈ ਦੀਪ ਸਿੰਘ ਜੀ ਦਾ ਯੋਗਦਾਨ 12
6. ਗੁਰਦੁਆਰਾ ਦਮਦਮਾ ਸਾਹਿਬ ਦੀ ਸੇਵਾ ਅਤੇ ਦਮਦਮੀ ਬੀੜ ਦੇ ਉਤਾਰੇ 13
7. ਭਾਈ ਦੀਪ ਸਿੰਘ ਜੀ ਦੁਆਰਾ ਇਕ ਵੱਡਾ ਖੂਹ ਲਵਾਉਣਾ 15
8. ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕਰਨੀ 15
9. ਖ਼ਾਲਸਾ ਵਿਚਾਲੇ ਮਤਭੇਦਾਂ ਦਾ ਫੈਸਲਾ ਕਰਨਾ 16
10. ਪੰਥ ਚੜ੍ਹਦੀ ਕਲਾ ਵਿਚ 19
11. ਬਾਬਾ ਜੀ ਦੀ ਖੁੱਲ੍ਹਦਿਲੀ 21
12. ਇਕ ਲੁਟੇਰੇ ਨੂੰ ਲੁੱਟਣ ਵਿਚ ਬਾਬਾ ਦੀਪ ਸਿੰਘ ਜੀ ਦਾ ਯੋਗਦਾਨ 22
13. ਅਬਦਾਲੀ ਵੱਲੋਂ ਲੇਖਾ-ਜੋਖਾ 24
14. ਤੈਮੂਰ ਸ਼ਾਹ ਵੱਲੋਂ ਅੰਮ੍ਰਿਤ ਸਰੋਵਰ ਪੂਰਨਾ 25
15. ਬਾਬਾ ਜੀ ਦੀ ਜਥੇ ਸਮੇਤ ਅੰਮ੍ਰਿਤਸਰ ਵੱਲ ਰਵਾਨਗੀ 25
16. ਤਰਨ ਤਾਰਨ ਪੁੱਜਣ 'ਤੇ ਜਥੇ ਦਾ ਵਿਸ਼ਾਲ ਰੂਪ 25
17. ਯੁੱਧ ਵਿੱਚ ਕੁੱਦਣ ਤੋਂ ਪਹਿਲਾਂ ਬਾਬਾ ਜੀ ਦੀ ਅਰਦਾਸ 26
18. ਜ਼ੁਲਮ ਨਾਲ ਟੱਕਰ ਅਤੇ ਬਾਬਾ ਜੀ ਦੀ ਸ਼ਹਾਦਤ 26
19. ਸ਼ਹੀਦ ਦੀ ਪਰਿਭਾਸ਼ਾ 29
20. ਬਾਬਾ ਜੀ ਦੇ ਬਾਰੇ ਵਿਸ਼ੇਸ਼ ਕਥਨ 30
21. ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ 31
22. ਸਿੱਖ ਧਰਮ ਵਿਚ ਕਰਨਯੋਗ ਗੱਲਾਂ 34
23. ਸਿੱਖ ਧਰਮ ਵਿੱਚ ਨਾ-ਕਰਨਯੋਗ ਗੱਲਾਂ 35
24. ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ 36
25. ਪਿੰਗਲਵਾੜਾ ਸੰਸਥਾ ਵਲੋਂ ਕੀਤੇ ਜਾ ਰਹੇ ਕਾਰਜ 37



# ਮੁਖ ਬੰਦ

ਸੰਗਤਾਂ ਦੀ ਮੰਗ ਨੂੰ ਮੁੱਖ ਰਖਦਿਆਂ ਸ੍ਰ. ਮੁਖਤਾਰ ਸਿੰਘ ਗੋਰਾਇਆ ਜੀ ਨੇ ਬੜੀ ਮਿਹਨਤ ਅਤੇ ਲਗਨ ਨਾਲ, ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜੀਵਨ ਬਾਰੇ ਸੰਖੇਪ ਵਿਚ, ਇਹ ਕਿਤਾਬਚਾ ਲਿਖਿਆ ਹੈ। ਸੰਨ 1993 ਈ. ਤੋਂ ਪਿੰਗਲਵਾੜਾ ਸੰਸਥਾ ਵਿਚ ਬਤੌਰ ਮੈਂਬਰ, ਆਨਰੇਰੀ ਆਰਕੀਟੈੱਕਟ ਅਤੇ ਬਾਅਦ ਵਿਚ 1994 ਈ. ਤੋਂ ਆਨਰੇਰੀ ਸਕੱਤਰ ਦੀ ਸੇਵਾ ਨਿਭਾ ਰਹੇ ਹਨ। ਭਗਤ ਪੂਰਨ ਸਿੰਘ ਜੀ ਦੀਆਂ ਅਸੀਸਾਂ ਸਦਕਾ ਹੁਣ ਲੇਖਕ ਵੀ ਬਣ ਗਏ ਹਨ। 'ਦਸ ਪਾਤਸ਼ਾਹੀਆਂ' ਨਾਂ ਦੀ ਪੁਸਤਕ ਬਹੁਤ ਹੀ ਜਾਣਕਾਰੀ ਭਰਪੂਰ ਅੰਗਰੇਜੀ ਅਤੇ ਪੰਜਾਬੀ ਵਿਚ ਲਿਖੀ ਹੈ। ਇਕ ਹੋਰ ਮਹੱਤਵਪੂਰਨ ਕਿਤਾਬ, ਨਿਰੰਕਾਰੀਆਂ ਦੀ ਕਿਤਾਬ 'ਅਵਤਾਰ ਬਾਣੀ' ਦੇ ਵੀ ਗੁੱਝੇ ਭੇਦਾਂ ਦੀ ਖੋਜ ਕਰਕੇ, ਲਿਖੀ ਹੈ। ਇਹ ਕਿਤਾਬਾਂ ਪਿੰਗਲਵਾੜਾ ਸੰਸਥਾ ਵੱਲੋਂ ਭੇਟਾ ਰਹਿਤ ਵੰਡੀਆਂ ਜਾ ਰਹੀਆਂ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਨ੍ਹਾਂ ਦੀ ਸਿਹਤ ਠੀਕ ਰਹੇ ਅਤੇ ਉਹ ਆਖਰੀ ਦਮਾਂ ਤਕ ਸੇਵਾ ਨਿਭਾਉਂਦੇ ਰਹਿਣ।

ਇਹ ਕਿਤਾਬਚਾ ਸਿੰਘ ਸਾਹਿਬ ਗਿਆਨੀ ਨਰਿੰਜਨ ਸਿੰਘ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜੀ ਵੱਲੋਂ ਬੜੀ ਖੋਜ ਅਤੇ ਲਗਨ ਨਾਲ ਲਿਖੀ ਅਤੇ ਜਥੇਦਾਰ ਅਮਰੀਕ ਸਿੰਘ, ਸੇਵਕ ਜਥਾ ਇਸ਼ਨਾਨ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ, ਵੱਲੋਂ ਛਾਪੀ ਗਈ ਪੁਸਤਕ '**ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ**' 'ਤੇ ਆਧਾਰਿਤ ਹੈ ਅਤੇ ਸੰਗਤਾਂ ਵਿਚ ਭੇਟਾ ਰਹਿਤ ਵੰਡਿਆ ਜਾਣਾ ਹੈ। ਪਿੰਗਲਵਾੜਾ ਸੰਸਥਾ ਉਕਤ ਲੇਖਕ ਅਤੇ ਪ੍ਰਕਾਸ਼ਕ ਦੀ ਹਾਰਦਿਕ ਧੰਨਵਾਦੀ ਹੈ।

**ਡਾ. ਇੰਦਰਜੀਤ ਕੌਰ**
ਮੁੱਖ ਸੇਵਾਦਾਰ
ਪਿੰਗਲਵਾੜਾ, ਅੰਮ੍ਰਿਤਸਰ।

# ਭੂਮਿਕਾ

ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਲੱਗੀ ਪਿੰਗਲਵਾੜਾ ਸੰਸਥਾ ਦੀ ਸਟਾਲ ਦੇ ਸੇਵਾਦਾਰ ਨੇ ਮੇਰੇ ਧਿਆਨ ਵਿਚ ਲਿਆਂਦਾ ਕਿ ਸੰਗਤਾਂ ਵੱਲੋਂ ਬਾਬਾ ਦੀਪ ਸਿੰਘ ਜੀ ਦੀ ਜੀਵਨੀ ਬਾਰੇ ਜਾਨਣ ਦੀ ਬਹੁਤ ਮੰਗ ਹੈ। ਇਸ ਬਾਰੇ ਮੈਂ ਸਾਰੀਆਂ ਸਟਾਲਾਂ ਦੇ ਇੰਚਾਰਜ, ਦਵਿੰਦਰ ਸਿੰਘ ਬਬਲੂ, ਨਾਲ ਗੱਲ ਕੀਤੀ ਕਿ ਬਾਬਾ ਜੀ ਦੀ ਜੀਵਨੀ ਬਾਰੇ ਕੋਈ ਕਿਤਾਬ ਉਪਲਬਧ ਹੋਵੇ ਤਾਂ ਮੈਨੂੰ ਸੂਚਨਾ ਦੇਵੇ। ਉਸਨੇ ਤੁਰੰਤ ਹੀ ਇਕ ਪੁਸਤਕ, '**ਅਨੋਖਾ ਸ਼ਹੀਦ ਬਾਬਾ ਦੀਪ ਸਿੰਘ ਜੀ**', ਜੋ ਸਿੰਘ ਸਾਹਿਬ ਗਿਆਨੀ ਨਰਿੰਜਨ ਸਿੰਘ, ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ ਬੜੀ ਮਿਹਨਤ ਨਾਲ ਲਿਖੀ ਅਤੇ ਜਥੇਦਾਰ ਅਮਰੀਕ ਸਿੰਘ, ਸੇਵਕ ਜਥਾ ਇਸ਼ਨਾਨ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵੱਲੋਂ ਪ੍ਰਕਾਸ਼ਿਤ ਕੀਤੀ ਹੋਈ ਹੈ, ਮੈਨੂੰ ਉਪਲਬਧ ਕਰਵਾਈ।

ਇਸ ਪੁਸਤਕ ਦੇ ਆਧਾਰ 'ਤੇ ਇਹ ਕਿਤਾਬਚਾ, ਲੇਖਕ ਅਤੇ ਪ੍ਰਕਾਸ਼ਕ ਪ੍ਰਤੀ ਦਿਲੀ ਧੰਨਵਾਦ ਸਹਿਤ, ਤਿਆਰ ਕੀਤਾ ਗਿਆ ਹੈ ਤਾਂ ਜੋ ਸੰਗਤਾਂ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

ਇਸ ਕਿਤਾਬਚੇ ਵਿਚ ਬਾਬਾ ਜੀ ਦੇ ਜਨਮ ਤੇ ਬਚਪਨ, ਅਨੰਦਪੁਰ ਸਾਹਿਬ ਵਿਖੇ ਜਾਣ, ਅੰਮ੍ਰਿਤ ਪਾਨ ਕਰਨ, ਫਿਰ ਦਸ਼ਮੇਸ਼ ਜੀ ਦੇ ਹੁਕਮ ਅਨੁਸਾਰ ਉਥੇ ਹੀ ਰਹਿਣ, ਸ਼ਸਤਰ ਅਤੇ ਸ਼ਾਸਤਰ ਵਿੱਦਿਆ ਵਿਚ ਨਿਪੁੰਨ ਹੋਣ, ਦਸਮ ਪਾਤਸ਼ਾਹ ਨੂੰ ਜੋ ਵੀ ਲੜਾਈਆਂ ਲੜਨੀਆਂ ਪਈਆਂ, ਉਨ੍ਹਾਂ ਸਾਰੀਆਂ ਲੜਾਈਆਂ 'ਚ ਹਿੱਸਾ ਲੈਣ ਬਾਰੇ ਲਿਖਿਆ ਗਿਆ ਹੈ। ਇਸ ਤੋਂ ਉਪਰੰਤ, ਬਾਬਾ ਜੀ ਨੇ ਦਮਦਮੀ ਬੀੜ ਤਿਆਰ ਕਰਨ ਵਿਚ ਸਿਆਹੀ ਅਤੇ ਕਲਮਾਂ ਦੀ ਸੇਵਾ ਨਿਭਾਈ, ਜਦੋਂ ਦਸਮ ਪਿਤਾ ਦਮਦਮਾ ਸਾਹਿਬ ਤੋਂ ਦੱਖਣ ਵੱਲ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਬਾਬਾ ਜੀ ਨੂੰ ਦਮਦਮਾ ਸਾਹਿਬ ਦੀ ਸੇਵਾ ਕਰਨ ਅਤੇ ਦਮਦਮੀ ਬੀੜ ਦੇ ਉਤਾਰੇ ਤਿਆਰ ਕਰਨ ਦੀ ਆਗਿਆ ਕੀਤੀ।

ਦਮਦਮਾ ਸਾਹਿਬ ਰਹਿੰਦਿਆਂ, ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੇ ਸੱਦੇ 'ਤੇ, 500 ਘੋੜਸਵਾਰਾਂ ਦਾ ਜਥਾ ਲੈ ਕੇ ਥਾਣੇਸਰ ਦੇ ਜੰਗਲਾਂ ਵਿਚੋਂ



ਅਹਿਮਦ ਸ਼ਾਹ ਅਬਦਾਲੀ ਪਾਸੋਂ ਅਬਲਾ ਬੀਬੀਆਂ ਛੁਡਵਾਉਣ ਅਤੇ ਲੁੱਟ ਦਾ ਮਾਲ ਲੁੱਟਣ ਵਿਚ ਅਹਿਮ ਭੂਮਿਕਾ ਨਿਭਾਈ। ਆਪ ਜੀ ਦਾ ਬੰਦਈ ਖਾਲਸਾ ਤੇ ਤੱਤ ਖਾਲਸਾ ਵਿਚਕਾਰ ਸੁਲਾਹ ਕਰਵਾਉਣ ਵਿਚ ਅਹਿਮ ਯੋਗਦਾਨ ਸੀ। ਬਾਬਾ ਜੀ ਦੇ ਗੁਣਾਂ ਸਦਕਾ ਉਨ੍ਹਾਂ ਦਾ ਮਾਣ-ਸਤਿਕਾਰ ਦੂਰ-ਦੂਰ ਤਕ ਫੈਲ ਚੁਕਾ ਸੀ। ਇਥੋਂ ਤਕ ਕਿ ਇਕ ਵਾਰ ਉਨ੍ਹਾਂ ਨੇ ਜੈਸਲਮੇਰ ਤੇ ਬੀਕਾਨੇਰ ਦੇ ਦੋ ਹਿੰਦੂ ਰਾਜਿਆਂ ਦੀ ਸੁਲਾਹ ਵੀ ਕਰਵਾਈ ਸੀ।

ਅੰਤ ਵਿਚ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਨਾ ਸਹਾਰਦੇ ਹੋਏ, ਅਬਦਾਲੀ ਤੇ ਉਸਦੇ ਪੁੱਤਰ ਤੈਮੂਰ ਸ਼ਾਹ ਦੀਆਂ ਫੌਜਾਂ ਨਾਲ, ਦਮਦਮਾ ਸਾਹਿਬ ਤੋਂ ਆਪਣਾ ਜਥਾ ਲੈ ਕੇ, ਤਰਨਤਾਰਨ ਅਤੇ ਅੰਮ੍ਰਿਤਸਰ ਦੇ ਵਿਚਕਾਰ, ਟੱਕਰ ਲਈ ਤੇ ਵਿਰੋਧੀ ਫੌਜਾਂ ਨੂੰ ਭਾਜੜਾਂ ਪਾਈਆਂ ਅਤੇ ਅੰਤ ਵਿਚ ਅਲੌਕਿਕ ਸ਼ਹੀਦੀ ਪ੍ਰਾਪਤ ਕੀਤੀ।

ਇਹ ਕਿਤਾਬਚਾ ਪਿੰਗਲਵਾੜਾ ਸੰਸਥਾ ਵੱਲੋਂ ਭੇਟਾ ਰਹਿਤ ਵੰਡਿਆ ਜਾਵੇਗਾ। ਇਸ ਦਾ ਆਕਾਰ ਇਸ ਲਈ ਛੋਟਾ ਰੱਖਿਆ ਗਿਆ ਹੈ ਕਿ ਇਸ 'ਵੇਖਣ ਅਤੇ ਸੁਨਣ' ਦੇ ਯੁੱਗ ਵਿਚ ਪਾਠਕ ਵਡੀਆਂ ਕਿਤਾਬਾਂ ਪੜ੍ਹਨ ਤੋਂ ਗੁਰੇਜ ਕਰਦੇ ਹਨ।

ਇਸ ਕਿਤਾਬਚੇ ਦੀ ਪਹਿਲੀ ਛਾਪ ਵਿਚ ਕੁਝ ਜਰੂਰੀ ਸੋਧਾਂ ਕਰਨ ਲਈ ਪਰਮ ਮਿੱਤਰ, ਸ੍ਰ. ਸਤਨਾਮ ਸਿੰਘ ਬੰਮ੍ਹਾਂ ਵੱਲੋਂ ਪਾਏ ਯੋਗਦਾਨ ਲਈ ਮੈਂ ਤਹਿ ਦਿਲੋਂ ਧੰਨਵਾਦੀ ਹਾਂ।

ਲਿਖਣ ਦੀ ਸੇਵਾ ਸੰਸਥਾ ਦੇ ਚੰਗੇ ਸੇਵਾਦਾਰ, ਜਗਪ੍ਰੀਤ ਸਿੰਘ, ਵੱਲੋਂ ਨਿਭਾਈ ਗਈ ਹੈ ਅਤੇ ਟਾਈਪਿੰਗ ਦਾ ਕੰਮ ਕੰਪਿਊਟਰ ਓਪਰੇਟਰ ਸ਼ਿਖਾ ਪੁਰੀ ਨੇ ਕੀਤਾ ਹੈ। ਇਨ੍ਹਾਂ ਦੋਵਾਂ ਦਾ ਮੈਂ ਦਿਲੋਂ ਧੰਨਵਾਦੀ ਹਾਂ।

ਅੰਤ ਵਿਚ ਮੈਂ ਸੰਸਥਾ ਦੇ ਸਰਪ੍ਰਸਤ ਪ੍ਰਧਾਨ, ਡਾ. ਇੰਦਰਜੀਤ ਕੌਰ ਜੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਹ ਕਿਤਾਬਚਾ ਲਿਖਣ ਦਾ ਉਤਸ਼ਾਹ ਦਿੱਤਾ ਅਤੇ ਮੁਖਬੰਦ ਵੀ ਲਿਖਣ ਦੀ ਖੇਚਲ ਕੀਤੀ।

**—ਮੁਖਤਾਰ ਸਿੰਘ ਗੋਰਾਇਆ**

# ਸ਼ਹੀਦ ਬਾਬਾ ਦੀਪ ਸਿੰਘ ਜੀ

## 1. ਜਨਮ ਤੇ ਬਚਪਨ :-

ਸਿਆਲ ਦੀ ਰੁੱਤ, ਗੰਨੇ ਛਿਲ ਕੇ ਵੇਲਣੇ ਅੱਗੇ ਰੱਖੇ ਹੋਏ ਸਨ, ਬਲਦ ਵੀ ਪਾਸ ਖੜੇ ਸਨ, ਪਰ ਭਾਈ ਭਗਤਾ ਜੀ ਕਾਮੇ ਦੇ ਪਿੰਡੋਂ ਆਉਣ ਦੀ ਉਡੀਕ ਵਿਚ ਬੈਠੇ ਸਿਮਰਨ ਕਰ ਰਹੇ ਸਨ । ਅਚਾਨਕ ਇਕ ਮਹਾਂਪੁਰਸ਼, ਵੇਲਣੇ 'ਤੇ ਆਣ ਪੁੱਜੇ ਅਤੇ ਕਹਿਣ ਲੱਗੇ, "ਗੁਰਮੁਖੋ ! ਨਿਰਾਸ਼ਾਵਾਦੀ ਹੋ ਕੇ ਕਿਉਂ ਬੈਠੇ ਹੋ, ਵੇਲਣਾ ਕਿਉਂ ਨਹੀਂ ਜੋੜਦੇ"। ਭਾਈ ਜੀ ਨੇ ਦੱਸਿਆ ਕਿ ਉਹ ਕਾਮੇ ਦੀ ਉਡੀਕ ਵਿਚ ਹਨ । ਇੰਨੇ ਨੂੰ ਭਾਈ ਭਗਤਾ ਜੀ ਦੀ ਧਰਮ ਪਤਨੀ, ਬੀਬੀ ਜਿਊਣੀ, ਵੀ ਸਿਰ 'ਤੇ ਲੱਸੀ ਦਾ ਗੜਵਾ, ਮੱਕੀ ਦੇ ਪ੍ਰਸ਼ਾਦੇ, ਸਾਗ ਤੇ ਮੱਖਣ ਲੈ ਕੇ ਆਣ ਪੁੱਜੀ ਅਤੇ ਸੰਤ ਜੀ ਨੂੰ ਨਿਮਰਤਾ ਸਹਿਤ ਸਤਿ ਸ੍ਰੀ ਅਕਾਲ ਬੁਲਾ ਕੇ ਬੈਠ ਗਈ । ਭਾਈ ਭਗਤਾ ਜੀ ਨੇ ਬੜੇ ਪ੍ਰੇਮ ਨਾਲ ਸੰਤ ਜੀ ਨੂੰ ਭੋਜਨ ਛਕਾਇਆ ਅਤੇ ਆਪ ਵੀ ਛੱਕਿਆ। ਭੋਜਨ ਛੱਕਣ ਉਪਰੰਤ, ਆਪ ਜੀ ਨੇ ਵਾਹਿਗੁਰੂ ਦਾ ਧੰਨਵਾਦ ਕੀਤਾ।

ਇੰਨੇ ਨੂੰ ਕਾਮਾ ਵੀ ਆਣ ਪੁੱਜਾ । ਅਜੇ ਵੇਲਣਾ ਜੋੜਨ ਹੀ ਲੱਗੇ ਸਨ ਕਿ ਸੰਤ ਜੀ ਨੇ ਆਲੇ-ਦੁਆਲੇ ਵੇਖ ਕੇ ਪੁੱਛਿਆ ਕਿ ਇਨ੍ਹਾਂ ਹਮੇਲਾਂ ਤੇ ਟੱਲੀਆਂ ਵਾਲੇ ਸੋਹਣੇ ਬਲਦਾਂ ਨੂੰ ਹਿੱਕਣ ਵਾਲਾ ਕੋਈ ਛੋਟਾ ਬੱਚਾ ਨਜ਼ਰ ਨਹੀਂ ਆਉਂਦਾ, ਕੀ ਕਾਰਨ ਹੈ ? ਬੀਬੀ ਜਿਊਣੀ ਜੀ ਅਤੇ ਭਾਈ ਭਗਤਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਦੀ ਮਿਹਰ ਸਦਕਾ ਸਾਡੇ ਪਾਸ ਹੋਰ ਸਭ ਪਦਾਰਥ ਹਨ ਪਰ ਅਜੇ ਤਕ ਮਾਲਕ ਨੇ ਕਿਸੇ ਬੱਚੇ ਦੀ ਦਾਤ ਨਹੀਂ ਬਖਸ਼ੀ, ਪਤਾ ਨਹੀਂ ਸਾਡੇ ਕੋਲੋਂ ਕੀ ਭੁੱਲ ਹੋ ਗਈ ਹੈ ? ਸੰਤ ਜੀ ਨੇ ਕਿਹਾ, ਵਾਹਿਗੁਰੂ ਭਲੀ ਕਰੇਗਾ। ਉਹ ਤੁਹਾਨੂੰ ਸੁੰਦਰ ਅਤੇ ਸੂਰਬੀਰ ਪੁੱਤਰ ਬਖਸ਼ੇਗਾ। ਉਸਦਾ ਨਾਂ ਦੀਪ ਰੱਖਣਾ। ਉਹ ਦੀਪਕ ਬਣ ਕੇ ਚਮਕੇਗਾ ਤੇ ਤੁਹਾਡੀ ਕੁਲ ਦਾ ਨਾਂ ਰੌਸ਼ਨ ਕਰੇਗਾ। ਇਹ ਕਹਿ ਕੇ ਸੰਤ ਜੀ ਓਥੋਂ ਵਿਦਾ ਹੋ ਗਏ। ਕੁਝ ਸਮਾਂ ਪਾ ਕੇ ਸੰਤ ਜੀ ਦਾ ਬਚਨ ਪੂਰਾ ਹੋਇਆ ਅਤੇ ਸਿਮਰਨ ਤੇ ਕਿਰਤ ਕਰਨ ਵਾਲੇ ਪਿੰਡ ਪਹੂਪਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਲਾਹੌਰ (ਬਾਅਦ ਵਿਚ ਜ਼ਿਲ੍ਹਾ ਅੰਮ੍ਰਿਤਸਰ ਅਤੇ ਹੁਣ ਜ਼ਿਲ੍ਹਾ ਤਰਨਤਾਰਨ) ਵਿਖੇ ਭਾਈ ਭਗਤਾ ਜੀ ਸੰਧੂ* ਜੱਟ ਦੇ ਘਰ 26 ਜਨਵਰੀ 1682 ਈ. (14 ਮਾਘ, 1739 ਬਿ.)

---

1. *ਬਾਬਾ ਦੀਪ ਸਿੰਘ ਪਰਗਣੇ ਲਾਹੌਰ ਦੇ ਪਹੂਵਿੰਡ ਪਿੰਡ ਵਿਚ ਰਹਿਣ ਵਾਲੇ ਖੈਰ੍ਹਾ ਗੋਤ ਦੇ ਜੱਟ ਸਨ। ਆਪ ਨੇ ਅੰਮ੍ਰਿਤ ਛਕ ਕੇ ਪੰਥ ਦੀ ਵੱਡੀ ਸੇਵਾ ਕੀਤੀ। ਅਨੇਕ ਲੜਾਈਆਂ ਵਿਚ ਸ਼ਹੀਦ ਹੋਣ ਲਈ ਜਾਨ ਹਥੇਲੀ 'ਤੇ ਰੱਖ ਕੇ ਅੱਗੇ ਵਧਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਹੋ ਕੇ ਆਪ ਨੇ ਬਹੁਤ ਜੰਗ ਜਿੱਤੇ।

(ਮਹਾਨ ਕੋਸ਼, ਪੰਨਾ : 638, ਭਾਈ ਕਾਨ੍ਹ ਸਿੰਘ ਨਾਭਾ)

2. *ਇਹ ਭਾਈ ਭਗਤਾ ਦਾ ਪੁੱਤਰ, ਦਲਚੇ ਦਾ ਪੜਪੋਤਾ, ਗੋਤ ਖਹਿਰਾ ਜੱਟ, ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ।

(ਗੋਬਿੰਦ ਸਾਗਰ, ਪੰਨਾ : 242, ਪਿਆਰਾ ਸਿੰਘ ਪਦਮ)



ਨੂੰ ਅੰਮ੍ਰਿਤ ਵੇਲੇ ਬੀਬੀ ਜਿਊਣੀ ਜੀ ਦੀ ਪਵਿੱਤਰ ਕੁੱਖ ਤੋਂ ਇਕ ਸੁੰਦਰ ਬਾਲਕ ਨੇ ਜਨਮ ਲਿਆ। ਜਿਸਦਾ ਨਾਂ ਦੀਪ ਰੱਖਿਆ ਗਿਆ ਅਤੇ ਉਸ ਤੋਂ ਪਿੱਛੋਂ ਵਾਹਿਗੁਰੂ ਨੇ ਇਕ ਹੋਰ ਪੁੱਤਰ ਦੀ ਦਾਤ ਬਖਸ਼ੀ, ਜਿਸਦਾ ਨਾਂ ਭਾਈ ਲਾਲਾ ਰੱਖਿਆ ਗਿਆ । ਭਾਈ ਦੀਪ ਸਿੰਘ ਜੀ ਤਾਂ ਸਾਰੀ ਉਮਰ ਜਤੀ ਹੀ ਰਹੇ। ਪਰੰਤੂ, ਇਸ ਪਰਿਵਾਰ ਦੀ ਕੁੱਲ ਭਾਈ ਲਾਲਾ ਜੀ ਤੋਂ ਚੱਲੀ,

ਭਾਈ ਲਾਲਾ ਜੀ
|
ਭਾਈ ਕਰਮ ਸਿੰਘ ਜੀ
|
ਸ੍ਰ. ਗੁਲਾਬ ਸਿੰਘ ਜੀ (ਸ਼ੇਰੇ ਪੰਜਾਬ ਸ੍ਰ. ਰਣਜੀਤ ਸਿੰਘ ਜੀ ਦਾ ਮੁਖੀ ਜਰਨੈਲ)
|
ਸ੍ਰ. ਆਲ੍ਹਾ ਸਿੰਘ ਜੀ (ਕਰਨਲ ਸਰਕਾਰ ਅੰਗਰੇਜੀ)
|
ਸ੍ਰ. ਕਿਸ਼ਨ ਸਿੰਘ ਜੀ
|
ਸ੍ਰ. ਗੁਰਬਖਸ਼ ਸਿੰਘ ਜੀ ਪਤੀ ਵਸਾਊ ਕੀ ਚਲੀ ਮੌਜੂਦਾ ਸੰਤਾਨ

| | | |
|---|---|---|
| ਸ੍ਰ. ਗੁਰਵਰਿਆਮ ਸਿੰਘ ਜੀ | ਸ੍ਰ. ਗੁਰਦਾਤਾਰ ਸਿੰਘ ਜੀ | ਸ੍ਰ. ਗੁਰਸੁਹਿੰਦਰਪਾਲ ਸਿੰਘ ਜੀ |

## 2. ਅਨੰਦਪੁਰ ਸਾਹਿਬ ਜਾਣਾ ਅਤੇ ਅੰਮ੍ਰਿਤਪਾਨ ਕਰਨਾ :-

1699 ਈ. ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਸ ਦੀਆਂ ਦੂਰ-ਦੂਰ ਤਕ ਧੁੰਮਾਂ ਪੈ ਗਈਆਂ। ਭਾਈ ਦੀਪਾ ਜੀ, ਜੋ ਉਸ ਵਕਤ 18 ਕੁ ਸਾਲ ਦੇ ਗੱਭਰੂ ਸਨ, ਨੂੰ ਵੀ ਕਿਸੇ ਮਸੰਦ ਰਾਹੀਂ ਪਤਾ ਲੱਗਾ। ਘਰ ਦਾ ਮਾਹੌਲ ਬਹੁਤ ਹੀ ਧਾਰਮਿਕ

ਹੋਣ ਕਾਰਨ, ਭਾਈ ਦੀਪਾ ਜੀ ਵੀ ਸਿਮਰਨ ਵਿਚ ਲੱਗੇ ਰਹਿੰਦੇ ਸਨ। ਉਨ੍ਹਾਂ ਨੂੰ ਗੁਰੂ 'ਤੇ ਬਹੁਤ ਭਰੋਸਾ ਸੀ। ਉਹ ਆਪਣੇ ਹਾਣੀਆਂ ਵਿਚ ਸਭ ਤੋਂ ਸਿਰਕੱਢ ਅਤੇ ਸਡੌਲ ਸਨ। ਹੋਲੇ-ਮਹੱਲੇ 'ਤੇ ਜਾਣ ਲਈ ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਨੂੰ ਤਿਆਰ ਕੀਤਾ ਅਤੇ ਬਾਕੀ ਸੰਗਤ ਨਾਲ ਅਨੰਦਪੁਰ ਸਾਹਿਬ ਵਿਖੇ ਜਾ ਪਹੁੰਚੇ। ਅਗਲੇ ਦਿਨ ਗੁਰੂ ਜੀ ਦਾ ਦਰਬਾਰ ਲੱਗਾ, ਕੀਰਤਨ ਹੋਇਆ ਅਤੇ ਗੁਰੂ ਜੀ ਦੇ ਦਰਸ਼ਨ-ਦੀਦਾਰੇ ਕੀਤੇ। ਗੁਰੂ ਜੀ ਨੇ ਸਭ ਨੂੰ ਅੰਮ੍ਰਿਤਧਾਰੀ ਹੋਣ ਲਈ ਉਪਦੇਸ਼ ਦਿੱਤਾ। ਭਾਈ ਦੀਪਾ ਜੀ ਨੇ ਵੀ, ਆਪਣੇ ਮਾਤਾ-ਪਿਤਾ ਦੇ ਨਾਲ ਹੀ, ਅੰਮ੍ਰਿਤ-ਪਾਨ ਕੀਤਾ ਅਤੇ ਉਨ੍ਹਾਂ ਦਾ ਨਾਂ ਭਾਈ ਦੀਪ ਸਿੰਘ ਰੱਖਿਆ ਗਿਆ।

3. **ਅਨੰਦਪੁਰ ਵਿਚ :-**

ਉਨ੍ਹਾਂ ਦਾ ਸਡੌਲ ਤੇ ਫੁਰਤੀਲਾ ਸਰੀਰ ਅਤੇ ਸ਼ਾਂਤ ਸੁਭਾਅ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਸਨ। ਕੁਝ ਦਿਨ ਸੇਵਾ ਤੇ ਸਿਮਰਨ ਕਰਨ ਉਪਰੰਤ ਉਨ੍ਹਾਂ ਦੇ ਪਿਤਾ ਭਾਈ ਭਗਤਾ (ਹੁਣ ਭਾਈ ਭਗਤ ਸਿੰਘ) ਜੀ ਨੇ ਸਾਰੇ ਪਰਿਵਾਰ ਸਮੇਤ ਵਾਪਿਸ ਘਰ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਮਾਤਾ-ਪਿਤਾ ਨੂੰ ਤਾਂ ਆਗਿਆ ਦੇ ਦਿੱਤੀ ਪਰ ਭਾਈ ਦੀਪ ਸਿੰਘ ਜੀ ਬਾਰੇ ਆਖਿਆ ਕਿ ਇਸ ਨੂੰ ਸਾਡੇ ਪਾਸ ਹੀ ਰਹਿਣ ਦਿਓ। ਸੇਵਾ ਸਿਮਰਨ ਦੀ ਲਗਨ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਸੀ, ਹੁਣ ਕਲਗੀਧਰ ਜੀ ਨੇ ਅਰਬੀ, ਫ਼ਾਰਸੀ ਅਤੇ ਗੁਰਮੁਖੀ ਲਿਪੀ ਵਿਚ ਨਿਪੁੰਨ ਕਰਨ ਲਈ ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਕਰ ਦਿੱਤਾ। ਇਸ ਤਰ੍ਹਾਂ ਭਾਈ ਦੀਪ ਸਿੰਘ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦੇ ਮਾਹਿਰ ਹੋ ਗਏ। ਗੁਰੂ ਜੀ ਉਨ੍ਹਾਂ ਨੂੰ ਸ਼ਿਕਾਰ ਖੇਡਣ ਲਈ ਵੀ ਨਾਲ ਲੈ ਜਾਂਦੇ ਸਨ। ਇਸ ਤਰ੍ਹਾਂ ਉਹ 1700 ਈ. (1757 ਬਿ.) ਤੋਂ 20 ਦਸੰਬਰ, 1704ਈ. (1761 ਬਿ.) ਤਕ ਗੁਰੂ ਜੀ ਪਾਸ ਹੀ ਰਹੇ। ਉਨ੍ਹਾਂ ਨੇ ਅਨੰਦਪੁਰ ਦੀਆਂ ਸਾਰੀਆਂ ਲੜਾਈਆਂ ਵਿਚ ਸੂਰਬੀਰਤਾ ਵਿਖਾਈ। ਜਿਥੇ ਉਹ ਸੂਰਬੀਰ ਤੇ ਨਿਰਭੈ ਯੋਧੇ ਸਨ, ਉਨ੍ਹਾਂ ਦਾ ਆਚਰਨ ਵੀ ਬਹੁਤ ਉੱਚਾ ਸੀ।

4. **ਅਨੰਦਪੁਰ ਤੋਂ ਦਿੱਲੀ ਜਾਣਾ :-**

ਜਦੋਂ ਗੁਰੂ ਜੀ ਨੇ ਕਿਲ੍ਹਾ ਅਨੰਦਪੁਰ ਛੱਡਿਆ ਤਾਂ ਆਪਣੇ ਮਹਿਲਾਂ, ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ, ਦੀ ਸੇਵਾ-ਸੰਭਾਲ ਅਤੇ ਨਿਗਰਾਨੀ ਲਈ ਭਾਈ ਮਨੀ ਸਿੰਘ ਜੀ, ਭਾਈ ਦੀਪ ਸਿੰਘ ਜੀ, ਭਾਈ ਧੰਨਾ



ਸਿੰਘ ਜੀ ਨਾਲ ਭਾਈ ਜਵਾਹਰ ਸਿੰਘ ਜੀ ਨੂੰ ਮੁਖੀ ਬਣਾ ਕੇ, ਦੋ ਸੇਵਾਦਾਰਨੀਆਂ ਦੇ ਕੇ ਦਿੱਲੀ ਨੂੰ ਤੋਰਿਆ ਸੀ। ਕੁਝ ਸਮਾਂ ਦਿੱਲੀ ਵਿਚ ਭਾਈ ਜਵਾਹਰ ਸਿੰਘ ਜੀ ਦੇ ਘਰ ਰਹਿ ਕੇ, ਮਾਤਾ ਜੀ ਤੋਂ ਖੁਸ਼ੀਆਂ ਲੈ ਕੇ, ਭਾਈ ਦੀਪ ਸਿੰਘ ਵੀ ਆਪਣੇ ਜਨਮ ਪਿੰਡ ਪਹੂਵਿੰਡ ਚਲੇ ਗਏ। ਉਨ੍ਹਾਂ ਦੇ ਪ੍ਰਚਾਰ ਸਦਕਾ ਸਾਰੀਆਂ ਸੰਗਤਾਂ ਦਿਨੇ-ਰਾਤੀਂ ਜੁੜਨ ਲੱਗ ਪਈਆਂ। ਭਾਈ ਦੀਪ ਸਿੰਘ ਜੀ ਨੇ ਆਪਣੇ ਨਿੱਘੇ ਅਤੇ ਪਿਆਰ ਵਾਲੇ ਸੁਭਾਅ ਸਦਕਾ ਸੰਗਤਾਂ ਵਿਚ ਬਹੁਤ ਮਾਣ-ਸਤਿਕਾਰ ਅਤੇ ਵਡਿਆਈ ਪ੍ਰਾਪਤ ਕੀਤੀ।

5. **ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਮਦਮਾ ਸਾਹਿਬ ਵਿਖੇ ਦਮਦਮੀ ਬੀੜ ਤਿਆਰ ਕਰਨ ਵਿਚ ਭਾਈ ਦੀਪ ਸਿੰਘ ਜੀ ਦਾ ਯੋਗਦਾਨ :-**

ਜਦੋਂ ਗੁਰੂ ਜੀ ਚਮਕੌਰ ਦਾ ਯੁੱਧ ਅਤੇ ਖਿਦਰਾਣੇ ਦੀ ਢਾਬ (ਹੁਣ ਸ੍ਰੀ. ਮੁਕਤਸਰ ਸਾਹਿਬ) ਦਾ ਯੁੱਧ ਜਿੱਤ ਕੇ ਮਾਲਵਾ ਇਲਾਕੇ ਨੂੰ ਤਾਰਦੇ ਹੋਏ ਤਲਵੰਡੀ ਸਾਬੋ (ਹੁਣ ਤਖ਼ਤ ਸ੍ਰੀ. ਦਮਦਮਾ ਸਾਹਿਬ) ਪੁੱਜੇ, ਤਾਂ ਕਲਗੀਧਰ ਜੀ ਨੇ ਮਨ ਬਣਾਇਆ ਕਿ ਆਦਿ ਬੀੜ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਕੇ ਮੁਕੰਮਲ ਕੀਤਾ ਜਾਵੇ। ਭਾਈ ਮਨੀ ਸਿੰਘ ਜੀ ਵੀ ਦਿੱਲੀ ਤੋਂ ਗੁਰੂ ਜੀ ਪਾਸ ਪਹੁੰਚ ਗਏ ਸਨ। ਗੁਰੂ ਜੀ ਨੇ ਆਦਿ ਬੀੜ, ਜੋ ਕਰਤਾਰਪੁਰ ਵਿਖੇ ਧੀਰਮੱਲ ਜੀ ਪਾਸ ਸੀ, ਮੰਗਵਾਉਣ ਲਈ ਕੁਝ ਸਿਆਣੇ ਤੇ ਮੁਖੀ ਸਿੰਘ ਕਰਤਾਰਪੁਰ ਭੇਜੇ। ਪਰ ਧੀਰਮੱਲ ਜੀ ਨੇ ਬੀੜ ਤਾਂ ਕੀ ਦੇਣੀ ਸੀ, ਉਲਟੇ ਬੋਲ-ਕਬੋਲ ਵੀ ਕੀਤੇ। ਸਿੰਘਾਂ ਨੇ ਵਾਪਿਸ ਪਹੁੰਚ ਕੇ ਗੁਰੂ ਜੀ ਨੂੰ ਸਭ ਕੁਝ ਦੱਸ ਦਿੱਤਾ। ਪਰੰਤੂ, ਗੁਰੂ ਜੀ ਸ਼ਾਂਤ ਰਹੇ ਤੇ ਭਾਈ ਮਨੀ ਸਿੰਘ ਜੀ ਨੂੰ ਆਖਿਆ ਕਿ ਬੀੜ ਮੁਕੰਮਲ ਕਰਨ ਦੀ ਤਿਆਰੀ ਕੀਤੀ ਜਾਵੇ। ਭਾਈ ਮਨੀ ਸਿੰਘ ਜੀ ਨੇ ਸੋਚਿਆ ਕਿ ਇਸ ਮਹਾਨ ਕੰਮ ਨੂੰ ਸਿਰੇ ਚਾੜ੍ਹਨ ਲਈ ਵਿਦਵਾਨ ਤੇ ਨਿਸ਼ਕਾਮ ਸੇਵਕਾਂ ਦੇ ਸਹਿਯੋਗ ਅਤੇ ਸਹਾਇਤਾ ਦੀ ਲੋੜ ਹੈ। ਨਿਮਰਤਾ ਸਹਿਤ ਉਨ੍ਹਾਂ ਬੇਨਤੀ ਕੀਤੀ ਕਿ ਜੇ ਆਗਿਆ ਹੋਵੇ ਤਾਂ ਇਸ ਮਹਾਨ ਕਾਰਜ ਲਈ ਭਾਈ ਦੀਪ ਸਿੰਘ ਜੀ ਨੂੰ ਪਹੂਵਿੰਡ ਤੋਂ ਸੱਦ ਲਿਆ ਜਾਵੇ ਜੋ ਨਿਸ਼ਕਾਮ ਤੇ ਅਣਥੱਕ ਸੇਵਕ ਦੇ ਨਾਲ-ਨਾਲ ਮਹਾਨ ਵਿਦਵਾਨ ਵੀ ਹਨ। ਗੁਰੂ ਜੀ ਨੇ ਤੁਰੰਤ ਪ੍ਰਵਾਨਗੀ ਦੇ ਦਿੱਤੀ।

ਗੁਰੂ ਜੀ ਦੀ ਆਗਿਆ ਪਾ ਕੇ ਇਕ ਸਿੰਘ ਝਟਪਟ ਤਿਆਰ ਹੋਇਆ ਤੇ ਪਹੂਵਿੰਡ ਵਿਖੇ ਭਾਈ ਦੀਪ ਸਿੰਘ ਜੀ ਨੂੰ ਜਾ ਮਿਲਿਆ, ਜਿਨ੍ਹਾਂ ਨੇ ਸੁੱਖ

ਸੁਨੇਹਾ ਜਾਣਨ ਉਪਰੰਤ ਉਸ ਸਿੰਘ ਦੀ ਬਹੁਤ ਆਦਰ ਸਹਿਤ ਸੇਵਾ ਕੀਤੀ ਅਤੇ ਅਗਲੇ ਹੀ ਦਿਨ, ਕੁਝ ਸੰਗਤ ਨਾਲ ਲੈ ਕੇ, ਦਮਦਮਾ ਸਾਹਿਬ ਵੱਲ ਚਾਲੇ ਪਾ ਦਿੱਤੇ। ਪੰਧ ਮਾਰ ਕੇ, ਕੁਝ ਦਿਨਾਂ ਵਿਚ ਕਲਗੀਧਰ ਜੀ ਦੀ ਸੇਵਾ ਵਿਚ ਹਾਜਿਰ ਹੋ ਕੇ ਬੇਨਤੀ ਕੀਤੀ ਕਿ ਸੇਵਾ ਲਈ ਹੁਕਮ ਬਖਸ਼ੋ। ਗੁਰੂ ਜੀ ਨੇ ਖੁਸ਼ ਹੋ ਕੇ ਫੁਰਮਾਇਆ ਕਿ ਤੁਹਾਡੇ ਪਾਸੋਂ ਨਿਰੰਕਾਰ ਨੇ ਬਹੁਤ ਸੇਵਾ ਲੈਣੀ ਹੈ। ਅਸੀਂ ਬਾਣੀ ਲਿਖਾਵਾਂਗੇ, ਭਾਈ ਮਨੀ ਸਿੰਘ ਜੀ ਲਿਖਣਗੇ ਅਤੇ ਤੁਸੀਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਦੀ ਸੇਵਾ ਨਿਭਾਓਗੇ। 1705ਈ. (1762ਬਿ.) ਦੀ ਬਸੰਤ ਰੁੱਤੇ ਗੁਰੂ ਜੀ ਤੰਬੂ ਲਾ ਕੇ ਬੈਠ ਜਾਂਦੇ, ਭਾਈ ਮਨੀ ਸਿੰਘ ਜੀ ਲਿਖਾਰੀ ਦੇ ਰੂਪ ਵਿਚ ਅਤੇ ਭਾਈ ਦੀਪ ਸਿੰਘ ਜੀ ਕਲਮਾਂ, ਸਿਆਹੀ ਆਦਿ ਦੀ ਸੇਵਾ ਵਿਚ ਸਹਿਯੋਗ ਦਿੰਦੇ। ਸਵੇਰੇ-ਸ਼ਾਮ ਦੇ ਦੀਵਾਨ ਤੋਂ ਇਲਾਵਾ ਬਾਕੀ ਸਾਰਾ ਦਿਨ ਬਾਣੀ ਲਿਖਣ ਦੇ ਕੰਮ ਵਿਚ ਲੱਗੇ ਰਹਿੰਦੇ। ਇਸ ਤਰ੍ਹਾਂ ਲਗਾਤਾਰ 9 ਮਹੀਨੇ 9 ਦਿਨ ਅਤੇ 9 ਘੜੀਆਂ ਵਿਚ ਗੁਰੂ ਜੀ ਨੇ ਬੀੜ ਸੰਪੂਰਨ ਕਰਕੇ ਅੰਤ ਵਿਚ ਨਾਨਕ ਨਾਮ ਦੀ ਮੋਹਰ ਲਾ ਕੇ ਸੰਸਾਰ ਨੂੰ ਇਹ ਮਹਾਨ ਦੇਣ ਬਖਸ਼ੀ, ਜਿਸਨੂੰ ਦਮਦਮੀ (ਜਾਂ ਦਮਦਮਾ ਸਾਹਿਬ ਵਾਲੀ) ਬੀੜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੀੜ ਤਿਆਰ ਕਰਕੇ ਗੁਰੂ ਜੀ ਨੇ ਗੁਰਦੁਆਰਾ ਦਮਦਮਾ ਸਾਹਿਬ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ। ਜਿਸ ਸਥਾਨ ’ਤੇ ਬੀੜ ਲਿਖੀ ਗਈ, ਉਥੇ ਹੁਣ ਗੁ. ਲਿਖਣਸਰ ਛੋਟੇ ਜਿਹੇ ਸਰੋਵਰ ਦੇ ਕਿਨਾਰੇ ਸੁਸ਼ੋਭਿਤ ਹੈ।

### 6. ਗੁਰਦੁਆਰਾ ਦਮਦਮਾ ਸਾਹਿਬ ਦੀ ਸੇਵਾ ਅਤੇ ਦਮਦਮੀ ਬੀੜ ਦੇ ਉਤਾਰੇ :-

ਗੁਰੂ ਸਾਹਿਬ ਜੀ ਨੇ ਦੱਖਣ ਨੂੰ ਜਾਣ ਸਮੇਂ, ਭਾਈ ਦੀਪ ਸਿੰਘ ਜੀ ਨੂੰ ਹੁਕਮ ਕੀਤਾ ਕਿ ਉਹ ਗੁਰੂ ਘਰ ਦੀ ਹੇਠ ਲਿਖੀ ਮਰਿਆਦਾ ਅਨੁਸਾਰ, ਸੇਵਾ ਨਿਭਾਉਣਗੇ:-

i) ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣੀ।

ii) ਗੁਰਮਤਿ ਅਨੁਸਾਰ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਪ੍ਰਚਾਰ ਕਰਨਾ।

iii) ਅੰਮ੍ਰਿਤ ਛਕਾ ਕੇ ਰਹਿਤ ਮਰਯਾਦਾ ਵਿਚ ਦ੍ਰਿੜ੍ਹ ਕਰਨਾ।

iv) ਹਰ ਔਕੜ ਸਮੇਂ ਪੰਥ ਦਾ ਸਾਥ ਦੇਣਾ।



v) ਆਦਿ ਬੀੜਾਂ ਲਿਖ ਕੇ ਗੁਰਬਾਣੀ ਦੇ ਸੋਮੇ ਨੂੰ ਪ੍ਰਫੁਲਿਤ ਕਰਨਾ।

ਗੁਰੂ ਜੀ ਨੇ ਇਹ ਵੀ ਹੁਕਮ ਕੀਤਾ ਕਿ ਇਹ ਅਸਥਾਨ ਹੁਣ ਗੁਰੂ ਦੀ ਕਾਂਸ਼ੀ ਬਣ ਗਿਆ ਹੈ। ਇਥੋਂ ਵਿੱਦਿਆ ਪੜ੍ਹ ਕੇ ਲੋਕ ਬਹੁਤ ਵਿਦਵਾਨ ਬਣਿਆ ਕਰਨਗੇ। ਭਾਈ ਦੀਪ ਸਿੰਘ ਜੀ ਨੇ ਸਤਿ ਬਚਨ ਕਹਿ ਕੇ ਸੀਸ ਨਿਵਾਇਆ। ਭਾਈ ਸਾਹਿਬ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰਬਾਣੀ ਦਾ ਸਿਮਰਨ ਕਰਦੇ, ਸਵੇਰੇ-ਸ਼ਾਮ ਦੀਵਾਨ ਸਜਾਉਂਦੇ, ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਂਦੇ ਅਤੇ ਸੰਗਤਾਂ ਵਿਚ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਕਰਦੇ। ਜਦ ਵਿਹਲ ਮਿਲਦੀ ਗੁਰਬਾਣੀ ਦੇ ਗੁਟਕੇ ਲਿਖ ਕੇ ਸੰਗਤਾਂ ਦੀ ਭੇਟਾ ਕਰਦੇ। ਇਸ ਤਰ੍ਹਾਂ, ਗੁਰੂ ਜੀ ਦੀ ਕਿਰਪਾ ਸਦਕਾ ਅਤੇ ਭਾਈ ਦੀਪ ਸਿੰਘ ਜੀ ਦੀ ਘਾਲਣਾ ਸਦਕਾ, ਭਾਈ ਜੀ ਦੀ ਪ੍ਰਭਤਾ ਅਤੇ ਪ੍ਰਤਿਭਾ ਵੱਧਣ ਲੱਗ ਪਈ। ਸੰਗਤਾਂ ਬਹੁਤ ਸਤਿਕਾਰ ਕਰਦੀਆਂ ਸਨ। ਭਾਈ ਦੀਪ ਸਿੰਘ ਜੀ ਦੀ ਵਿੱਦਿਆ ਪ੍ਰਣਾਲੀ ਦੀ ਟਕਸਾਲ ਬਹੁਤ ਪ੍ਰਫੁਲਿਤ ਹੋਈ। ਹੁਣ ਇਸ ਟਕਸਾਲ ਦੀਆਂ ਤਿੰਨ ਸ਼ਾਖਾਵਾਂ ਚਲ ਰਹੀਆਂ ਹਨ:-

i) ਭਿੰਡਰਾਂ ਵਾਲੀ ਟਕਸਾਲ,

ii) ਮਹਿਤਾ ਸਾਹਿਬ ਵਾਲੀ ਟਕਸਾਲ,

iii) ਅੰਮ੍ਰਿਤਸਰ ਵਾਲੀ ਟਕਸਾਲ, ਜੋ ਸੱਤੋ ਵਾਲੀ ਗਲੀ ਵਿਚ, ਸੰਤ ਅਮੀਰ ਸਿੰਘ ਜੀ ਦਾ ਡੇਰਾ ਅਖਵਾਉਂਦਾ ਹੈ ਅਤੇ ਜਿਥੇ ਪਹਿਲਾਂ ਸੰਤ ਕਿਰਪਾਲ ਸਿੰਘ ਜੀ ਅਤੇ ਹੁਣ ਉਨ੍ਹਾਂ ਦੇ ਉਤਰਾਧਿਕਾਰੀ ਨਾਮ ਸਿਮਰਨ ਅਤੇ ਗੁਰਬਾਣੀ ਪਾਠ ਦਾ ਅਰਥ-ਬੋਧ ਬੜੀ ਲਗਨ ਨਾਲ ਸੰਗਤਾਂ ਨੂੰ ਸਮਝਾਉਂਦੇ ਹਨ।

ਭਾਈ ਦੀਪ ਸਿੰਘ ਗੁਰਮਤਿ ਦਾ ਪ੍ਰਚਾਰ ਤਾਂ ਲਗਾਤਾਰ ਕਰਦੇ ਹੀ ਸਨ ਪਰੰਤੂ ਗੁਰੂ ਗ੍ਰੰਥ ਸਾਹਿਬ ਜੀ ਦਾ ਕੇਵਲ ਇਕ ਹੀ ਸਰੂਪ ਸੀ। ਇਸ ਲਈ ਉਨ੍ਹਾਂ ਨੇ ਬੀੜਾਂ ਦੇ ਉਤਾਰੇ ਕਰਨ ਲਈ ਮਨ ਬਣਾਇਆ। ਇਹ ਸੇਵਾ ਉਨ੍ਹਾਂ 1706ਈ. (1763ਬਿ.) ਵਿਚ ਆਰੰਭ ਕੀਤੀ ਅਤੇ ਚਾਰ ਬੀੜਾਂ ਆਪਣੇ ਹੱਥਾਂ ਨਾਲ ਲਿਖ ਕੇ ਪੰਥ ਦੇ ਪ੍ਰਸਿੱਧ ਚਾਰ ਤਖ਼ਤ ਸਾਹਿਬਾਨ ’ਤੇ ਭੇਜੀਆਂ :-

i) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਇਹ ਦਰਸ਼ਨੀ ਬੀੜ ਜਿਸ ਦੀ ਜਿਲਦ ਉੱਤੇ 2 ਸੇਰ ਸੋਨਾ ਲੱਗਾ ਹੋਇਆ ਹੈ ਅਤੇ ਲਿਖਾਈ ਬਹੁਤ ਸੁੰਦਰ ਹੈ, ਇਸਦਾ ਸਾਲ ਵਿਚ ਵੱਖ-ਵੱਖ ਗੁਰਪੁਰਬਾਂ ਸਮੇਂ ਪੰਜ ਵਾਰ ਪ੍ਰਕਾਸ਼ ਕੀਤਾ ਜਾਂਦਾ ਹੈ।

ii) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ

iii) ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ

iv) ਤਖ਼ਤ ਸ੍ਰੀ ਅਬਚਲ ਨਗਰ, ਹਜ਼ੂਰ ਸਾਹਿਬ

**ਅਰਬੀ ਬੀੜ ਬਾਰੇ :–**

ਭਾਈ ਦੀਪ ਸਿੰਘ ਜੀ ਨਿਸ਼ਕਾਮ ਸੇਵਕ, ਸੰਤ ਸਿਪਾਹੀ ਅਤੇ ਪ੍ਰਸਿੱਧ ਵਿਦਵਾਨ ਸਨ। ਕਲਗੀਧਰ ਪਾਤਸ਼ਾਹ ਦੀ ਸੰਗਤ ਵਿਚ ਆਪ ਨੇ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਪ੍ਰਾਪਤ ਕੀਤੀ। ਇਸਦੇ ਨਾਲ ਉਨ੍ਹਾਂ ਅਰਬੀ ਤੇ ਫ਼ਾਰਸੀ ਦੀ ਵੀ ਬਹੁਤ ਉੱਚੇ ਪੱਧਰ ਤਕ ਪੜ੍ਹਾਈ ਕੀਤੀ। ਆਪ ਪੰਥ ਦੇ ਪਹਿਲੇ ਵਿਦਵਾਨ ਅਤੇ ਲਿਖਾਰੀ ਸਨ ਜਿਨ੍ਹਾਂ ਅਰਬੀ ਜ਼ੁਬਾਨ ਵਿਚ ਇਕ ਬੀੜ, ਆਪਣੇ ਹੱਥੀਂ ਬੜੀ ਸ਼ਰਧਾ ਤੇ ਪਿਆਰ ਨਾਲ ਲਿਖ ਕੇ, ਅਰਬ ਦੇਸ਼ ਵਿਚ ਭੇਜੀ ਸੀ। ਜਿਸ ਕਾਰਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਇਸਲਾਮੀ ਮੱਤ ਵਿਚ ਹੁਣ ਵੀ ਪ੍ਰਚਲਿਤ ਹੈ। ਭਾਈ ਸਾਹਿਬ ਦੀ ਇਹ ਉੱਤਮ ਦੇਣ ਸਾਂਝੀਵਾਲਤਾ ਲਈ ਪ੍ਰਸਿੱਧ ਹੈ।

7. **ਭਾਈ ਦੀਪ ਸਿੰਘ ਜੀ ਦੁਆਰਾ ਇਕ ਵੱਡਾ ਖੂਹ ਲਵਾਉਣਾ :–**

ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਦੀਪ ਸਿੰਘ ਜੀ ਗੁਰਮਤਿ ਦਾ ਪ੍ਰਚਾਰ ਕਰਦੇ, ਲੰਗਰ ਦੀ ਸੇਵਾ ਕਰਦੇ ਅਤੇ ਵਿਦਿਆਰਥੀਆਂ ਨੂੰ ਵਿੱਦਿਆ ਪੜ੍ਹਾਉਣ ਦਾ ਕੰਮ ਬੜੇ ਨੇਮ ਨਾਲ ਕਰਦੇ ਸਨ। ਹਿੰਦੂ, ਮੁਸਲਿਮ ਤੇ ਸਿੱਖ ਇਨ੍ਹਾਂ ਦੀ ਸ਼ਖਸੀਅਤ ਦਾ ਬਹੁਤ ਸਤਿਕਾਰ ਕਰਦੇ ਸਨ।

ਪਾਣੀ ਦੀ ਘਾਟ ਨੂੰ ਵੇਖਦਿਆਂ ਆਪ ਜੀ ਨੇ ਦਮਦਮਾ ਸਾਹਿਬ ਵਿਖੇ ਵੱਡਾ ਖੂਹ ਲਗਵਾਇਆ, ਜੋ ਹੁਣ ਤਕ ਮੌਜੂਦ ਹੈ।

8. **ਬਾਬਾ ਬੰਦਾ ਸਿੰਘ ਬਹਾਦਰ ਦੀ ਸਹਾਇਤਾ ਕਰਨੀ :–**

ਸੰਨ 1707 ਈ. (1764 ਬਿ.) ਨੂੰ ਕਲਗੀਧਰ ਪਾਤਸ਼ਾਹ ਨੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਣਾਇਆ ਅਤੇ ਧਰਮ ਦੇ ਵਿਰੋਧੀਆਂ ਨੂੰ ਸੋਧਣ ਲਈ ਕੁਝ ਸਿੰਘ ਅਤੇ ਆਪਣੇ ਕਮਰਕੱਸੇ ਦੇ ਭੱਥੇ ਵਿਚੋਂ ਕੁਝ ਤੀਰ ਦੇ ਕੇ ਪੰਜਾਬ ਵੱਲ ਤੋਰਿਆ, ਨਾਲ ਹੀ ਸਿੰਘਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਬੰਦਾ ਸਿੰਘ ਬਹਾਦਰ ਦੀ ਹਰ ਪੱਖੋਂ ਮਦਦ ਕਰਨੀ। ਇਹ ਹੁਕਮਨਾਮਾ ਭਾਈ ਦੀਪ ਸਿੰਘ ਜੀ ਨੂੰ ਵੀ ਪੁੱਜਾ, ਜਿਨ੍ਹਾਂ ਨੇ 500 ਸਿੰਘਾਂ ਦਾ ਜੱਥਾ ਨਾਲ ਲੈ ਕੇ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਫ਼ਤਹਿ ਕਰਨ



ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਵਜ਼ੀਰ ਖ਼ਾਨ ਨੇ ਸਰਹਿੰਦ ਸ਼ਹਿਰ ਨੂੰ ਬਚਾਉਣ ਦੀ ਖ਼ਾਤਿਰ ਇਸ ਤੋਂ ਕਾਫੀ ਦੂਰ, ਚੱਪੜ-ਚਿੜੀ ਦੇ ਸਥਾਨ 'ਤੇ ਮੁਕਾਬਲਾ ਕੀਤਾ। ਪਰ ਸੂਰਬੀਰ ਸਿੰਘਾਂ ਦੀ ਫ਼ੌਜ ਨੇ ਸੂਬਾ ਸਰਹਿੰਦ ਦੀ ਫ਼ੌਜ ਦੇ ਪੈਰ ਨਾ ਲੱਗਣ ਦਿੱਤੇ ਅਤੇ ਉਹ ਇਸ ਲੜਾਈ ਵਿਚ ਮਾਰਿਆ ਗਿਆ। ਇੰਞ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਦੇ ਹੱਥ ਮੈਦਾਨ ਲੱਗਾ ਅਤੇ ਉਨ੍ਹਾਂ ਨੇ ਸਰਹਿੰਦ ਸ਼ਹਿਰ ਨੂੰ ਤਹਿਸ-ਨਹਿਸ ਕਰ ਦਿੱਤਾ ਤੇ ਵਜ਼ੀਰ ਖ਼ਾਨ ਦੀ ਸੰਤਾਨ ਅਤੇ ਸਮਾਣੇ ਦੇ ਜਲੱਾਦ ਜਲਾਲੁੱਦੀਨ ਜਿਸਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ, ਦਾ ਸਾਰਾ ਖ਼ਾਨਦਾਨ ਤਬਾਹ ਕਰ ਦਿੱਤਾ। ਸੁੱਚਾ ਨੰਦ ਚੰਡਾਲ ਤੋਂ ਵੀ ਗਿਣ-ਗਿਣ ਕੇ ਬਦਲਾ ਲਿਆ।

ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਪਿੱਛੋਂ ਸਮਾਣਾ, ਸਢੌਰਾ, ਛੱਤ ਬਨੂਰ ਤੇ ਸਹਾਰਨਪੁਰ ਦੀਆਂ ਸਖ਼ਤ ਲੜਾਈਆਂ ਕਰਕੇ ਮਜ਼ਲੂਮਾਂ ਦਾ ਬਦਲਾ ਲਿਆ ਤੇ ਜ਼ਾਲਮਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ। ਲੜਾਈਆਂ ਵਿਚ ਖ਼ਾਲਸੇ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਪਰ ਜੇਤੂ ਰਹਿਣ ਕਰਕੇ ਖ਼ਾਲਸਾ ਚੜ੍ਹਦੀ ਕਲਾ ਵਿਚ ਰਿਹਾ। ਉਪਰੰਤ, ਖ਼ਾਲਸਾ ਦਲ ਅਨੰਦਪੁਰ ਸਾਹਿਬ ਪੁੱਜ ਗਿਆ, ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਨੇ ਬੜਾ ਭਾਰੀ ਦਰਬਾਰ ਲਗਵਾਇਆ ਤੇ ਸੂਰਬੀਰ ਸਿੰਘਾਂ ਦੀ ਭਾਰੀ ਪ੍ਰਸ਼ੰਸਾ ਕੀਤੀ। ਇਸ ਦਰਬਾਰ ਵਿਚ ਨੌਜਵਾਨ ਯੋਧੇ, ਭਾਈ ਦੀਪ ਸਿੰਘ ਜੀ ਨੂੰ 'ਜ਼ਿੰਦਾ ਸ਼ਹੀਦ' ਦਾ ਖ਼ਿਤਾਬ ਦਿੱਤਾ ਪਰ ਭਾਈ ਦੀਪ ਸਿੰਘ ਜੀ ਨੇ ਧੰਨਵਾਦ ਕਰਦਿਆਂ ਆਖਿਆ, "ਮੈਂ ਆਪ ਕੁਝ ਵੀ ਨਹੀਂ ਹਾਂ, ਜੋ ਵੀ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਗਾਈ ਹੋਈ ਲਾਟ ਹੀ ਮੇਰੇ ਅੰਦਰ ਜਗ ਰਹੀ ਹੈ।" ਇਸ ਖ਼ਿਤਾਬ ਤੋਂ ਹੀ ਸ਼ਹੀਦ ਮਿਸਲ ਦਾ ਜਨਮ ਹੋਇਆ ਤੇ ਇਸ ਮਿਸਲ ਦੀ ਪ੍ਰਭਤਾ ਤੇ ਤੇਜ ਪ੍ਰਤਾਪ ਬਹੁਤ ਵਧਿਆ। ਅਨੰਦਪੁਰ ਵਿਖੇ ਹੀ ਆਪ ਜੀ ਲਗਾਤਾਰ ਤਿੰਨ ਮਹੀਨੇ ਗੁਰਬਾਣੀ ਦੀ ਕਥਾ-ਵਿਆਖਿਆ ਕਰਦੇ ਰਹੇ।

ਆਪ ਜੀ ਸ਼ਹੀਦ ਮਿਸਲ ਦੇ ਪਹਿਲੇ ਜਥੇਦਾਰ ਬਣੇ ਅਤੇ ਭਾਈ ਗੁਰਬਖ਼ਸ਼ ਸਿੰਘ, ਸੁੱਧਾ ਸਿੰਘ, ਸ਼ੇਰ ਸਿੰਘ, ਹੀਰਾ ਸਿੰਘ, ਪ੍ਰੇਮ ਸਿੰਘ, ਦਰਗਾਹ ਸਿੰਘ, ਆਦਿ, ਮੀਤ ਜਥੇਦਾਰ ਸਨ। ਦਮਦਮੀ ਟਕਸਾਲ ਵੀ ਆਪ ਜੀ ਤੋਂ ਆਰੰਭ ਹੋਈ ਅਤੇ ਆਪ ਜੀ ਹੀ ਇਸ ਟਕਸਾਲ ਦੇ ਪਹਿਲੇ ਮੁਖੀ ਸਨ।

ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਭਾਈ ਦੀਪ ਸਿੰਘ ਜੀ ਗੁਰਮਤਿ ਦਾ ਪ੍ਰਚਾਰ ਕਰਦੇ, ਗੁਰਬਾਣੀ ਦੇ ਗੁਟਕੇ ਲਿਖ ਕੇ ਸੰਗਤ ਦੀ ਭੇਟਾ ਕਰਦੇ ਅਤੇ ਜੰਗ ਲਈ ਤਤਪਰ ਰਹਿਣ ਲਈ ਖ਼ਾਲਸੇ ਨੂੰ ਸੰਬੋਧਨ ਕਰਦੇ ਰਹਿੰਦੇ ਸਨ। ਸੰਗਤਾਂ ਵੀ ਆਪ ਜੀ ਦਾ ਪੂਰਨ ਸਤਿਕਾਰ ਕਰਦੀਆਂ ਸਨ। ਇਸ ਤਰ੍ਹਾਂ ਉਨ੍ਹਾਂ ਦਾ ਨਾਮ ਪੰਥ ਵਿਚ ਬਹੁਤ ਉੱਘਾ ਅਤੇ ਆਦਰਯੋਗ ਹੋ ਗਿਆ।

9. **ਖ਼ਾਲਸਾ ਵਿਚਾਲੇ ਮਤਭੇਦਾਂ ਦਾ ਫੈਸਲਾ ਕਰਨਾ :–**

ਸਿੱਖ ਮਿਸ਼ਨਰੀ ਕਾਲਜ (ਰਜਿ) ਲੁਧਿਆਣਾ ਵਲੋਂ ਅਪ੍ਰੈਲ 2002 ਨੂੰ ਛਾਪੀ ਮਹਾਨ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਜੀਵਨੀ (ਕਿਤਾਬਚਾ ਨੰ: 52 ਦੇ ਪੰਨਾ ਨੰ: 16) ਅਨੁਸਾਰ, ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਘੇਰ ਕੇ ਫੜ ਲਿਆ ਗਿਆ ਅਤੇ 9.6.1716 ਨੂੰ ਦਿੱਲੀ ਵਿਖੇ, ਸੈਂਕੜੇ ਸਿੱਖ ਸਾਥੀਆਂ ਸਮੇਤ, ਸ਼ਹੀਦ ਕਰ ਦਿੱਤਾ ਗਿਆ।

ਤੱਤ ਖਾਲਸਾ ਅਤੇ ਬੰਦਈ ਖਾਲਸਾ ਦਾ ਝਗੜਾ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ ਅਰੰਭ ਹੋਇਆ ਕਿਉਂਕਿ ਕਈ ਸਿੰਘਾਂ ਨੇ ਸ਼ਰਧਾ ਵੱਸ ਬਾਬਾ ਬੰਦਾ ਸਿੰਘ ਨੂੰ ਗੁਰੂ ਮੰਨਣਾ ਸ਼ੁਰੂ ਕਰ ਦਿੱਤਾ ਸੀ। ਬੰਦਈਆਂ ਦਾ ਆਗੂ ਅਮਰ ਸਿੰਘ ਮਹੰਤ ਖੇਮਕਰਨੀਆ ਸੀ। ਇਸ ਨੇ ਆਪਣਾ ਵਖਰਾ ਹੀ ਪੰਥ ਚਲਾ ਲਿਆ ਸੀ। ਸੇਵਕਾਂ ਕੋਲੋਂ ਮੱਥੇ ਟਿਕਾਉਂਦਾ ਅਤੇ ਸੰਗਤ ਵਿਚ ਗੱਦੀ ਲਗਾ ਕੇ ਬੈਠਦਾ ਸੀ। ਬੰਦਈਆਂ ਨੂੰ ਨੀਲੇ ਰੰਗ ਦੇ ਕੱਪੜਿਆਂ ਦੀ ਥਾਂ ਸੂਹੇ ਰੰਗ ਦੇ ਕਪੜੇ ਪਾਉਣ ਦੇ ਹੁਕਮ ਦੇਂਦਾ ਸੀ। ਇਹ ਮਹੰਤ ਸਿੱਖਾਂ ਨੂੰ ਕਹਿੰਦਾ ਸੀ ਕਿ ਦਸਵੇਂ ਗੁਰੂ ਜੀ, ਬਾਬਾ ਬੰਦਾ ਸਿੰਘ ਜੀ ਨੂੰ ਗਿਆਰ੍ਹਵਾਂ ਗੁਰੂ ਥਾਪ ਗਏ ਸਨ। ਬੰਦਈ ਇਕ ਦੂਜੇ ਨੂੰ ਮਿਲਣ ਸਮੇਂ 'ਫਤਹਿ ਦਰਸ਼ਨ' ਬੁਲਾਉਂਦੇ ਸਨ।

ਪਰ ਦੂਜੇ ਪਾਸੇ ਤੱਤ ਖਾਲਸਾ ਸੀ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦਾ ਸੀ। ਤੱਤ ਖਾਲਸਾ ਵੱਲੋਂ ਬਾਬਾ ਬਿਨੋਦ ਸਿੰਘ (ਜੋ ਰਣਨੀਤੀ ਬਾਰੇ ਬੰਦਾ ਸਿੰਘ ਬਹਾਦਰ ਨਾਲ ਮੱਤ ਭੇਦ ਹੋ ਜਾਣ ਕਾਰਨ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਛੱਡ ਗਏ ਸਨ) ਦੇ ਸਪੁੱਤਰ ਬਾਬਾ ਕਾਹਨ ਸਿੰਘ ਆਗੂ ਸਨ।

ਦੋਵੇਂ ਧਿਰਾਂ ਅੰਮ੍ਰਿਤਸਰ ਪੁੱਜੀਆਂ ਅਤੇ ਦੋਵੇਂ ਹੀ ਆਪਣੇ ਆਪ ਨੂੰ ਜਾਇਜ਼ ਵਾਰਸ ਤੇ ਪ੍ਰਬੰਧਕ ਸਾਬਤ ਕਰਨ ਲਈ ਲੜਾਈ ਕਰਨ ਤਕ ਤਿਆਰ ਹੋ ਗਈਆਂ । ਦਿਵਾਲੀ ਉਪਰੰਤ ਸਿੱਖਾਂ ਨੇ ਮਾਤਾ ਸੁੰਦਰ ਕੌਰ ਜੀ ਨੂੰ ਸਾਰੇ ਖਤਰਿਆਂ ਤੋਂ ਜਾਣੂ ਕਰਵਾਇਆ, ਜਿਨ੍ਹਾਂ ਨੇ ਭਾਈ ਮਨੀ ਸਿੰਘ ਜੀ ਨੂੰ ਇਹ ਮਸਲਾ ਸੁਲਝਾਉਣ ਦਾ ਕਾਰਜ ਸੌਂਪਿਆ। ਅਕਾਲ ਬੁੰਗੇ ਉੱਤੇ ਤੱਤ ਖਾਲਸਾ ਦੇ ਜਥੇਦਾਰ ਬਾਬਾ ਕਾਹਨ ਸਿੰਘ ਅਤੇ ਝੰਡਾ ਬੁੰਗੇ ਉੱਤੇ ਭਾਈ ਅਮਰ ਸਿੰਘ ਮਹੰਤ ਖੇਮਕਰਨੀਆ ਨੇ ਕਬਜਾ ਕਰ ਲਿਆ ਸੀ । ਸਿੱਖਾਂ ਵਿਚ ਰੋਸ ਉਸ ਸਮੇਂ ਬਹੁਤ ਵੱਧ ਗਿਆ ਜਦੋਂ ਅਮਰ ਸਿੰਘ ਮਹੰਤ ਰੱਥਾਂ ਉੱਤੇ ਗਦੇਲੇ ਲਗਾ ਕੇ ਦਰਬਾਰ ਸਾਹਿਬ ਤਕ ਆ ਗਿਆ। ਵਿਸਾਖੀ ਵਾਲੇ ਦਿਹਾੜੇ ਭਾਈ ਮਨੀ ਸਿੰਘ ਜੀ ਨੇ ਤਜਵੀਜ਼ ਪੇਸ਼ ਕੀਤੀ ਕਿ ਨਿਤ ਦਾ ਝਗੜਾ ਮਿਟਾਉਣ ਲਈ 'ਹਰਿ ਕੀ ਪਉੜੀ' ਵਿਖੇ ਪਰਚੀਆਂ ਪਾਈਆਂ ਜਾਣ। ਇਸ ਸੁਝਾਓ ਨਾਲ ਦੋਵੇਂ ਧਿਰਾਂ ਸਹਿਮਤ ਹੋ ਗਈਆਂ।



ਭਾਈ ਮਨੀ ਸਿੰਘ ਨੇ ਇਕ ਪਰਚੀ 'ਤੇ ਬੰਦਈ ਖਾਲਸੇ ਦਾ ਜੰਗੀ ਨਾਅਰਾ 'ਫਤਹਿ ਦਰਸ਼ਨ' ਅਤੇ ਦੂਜੀ 'ਤੇ 'ਵਾਹਿਗੁਰੂ ਜੀ ਕੀ ਫਤਹਿ' ਲਿਖ ਕੇ 'ਹਰਿ ਕੀ ਪਉੜੀ', ਅੰਮ੍ਰਿਤ ਸਰੋਵਰ ਵਿਚ ਸੁੱਟ ਦਿੱਤੀਆਂ । ਫੈਸਲਾ ਹੋ ਗਿਆ ਸੀ ਕਿ ਜਿਸਦੀ ਪਰਚੀ ਪਹਿਲਾਂ ਤਰ ਆਵੇਗੀ ਉਹ ਹੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਆਗੂ ਮੰਨ ਲਿਆ ਜਾਵੇਗਾ । ਕਰਨੀ ਕੁਦਰਤ ਦੀ 'ਵਾਹਿਗੁਰੂ ਜੀ ਕੀ ਫਤਹਿ' ਵਾਲੀ ਪਰਚੀ ਉੱਪਰ ਆ ਕੇ ਤਰਨ ਲੱਗੀ । ਹੋ ਸਕਦਾ ਹੈ ਕਿ ਭਾਈ ਮਨੀ ਸਿੰਘ ਜੀ ਨੇ, ਜੋ ਬਾਬਾ ਦੀਪ ਸਿੰਘ ਜੀ ਦੀ ਉੱਚ ਕੋਟੀ ਦੀ ਵਿਦਵਤਾ ਅਤੇ ਯੋਗਤਾ ਤੋਂ ਜਾਣੂ ਸਨ, ਬਾਬਾ ਦੀਪ ਸਿੰਘ ਜੀ ਦੀ ਸਹਾਇਤਾ ਲੈ ਲਈ ਹੋਵੇ ਕਿਉਂਕਿ 1706 ਵਿਚ, ਦਮਦਮੀ ਬੀੜ ਤਿਆਰ ਕਰਨ ਵਿਚ, ਬਾਬਾ ਦੀਪ ਸਿੰਘ ਜੀ ਨੂੰ ਭਾਈ ਮਨੀ ਸਿੰਘ ਜੀ ਨੇ, ਦਸ਼ਮੇਸ਼ ਜੀ ਦੀ ਆਗਿਆ ਨਾਲ, ਆਪਣਾ ਸਹਿਯੋਗੀ ਬਣਾਇਆ ਸੀ ਅਤੇ ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਿਦਾਇਤਾਂ ਅਨੁਸਾਰ ਉਨ੍ਹਾਂ ਨੂੰ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਅਤੇ ਦਮਦਮੀ ਬੀੜ ਦੇ ਹੋਰ ਉਤਾਰੇ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਇਸ ਕਾਰਜ ਦੌਰਾਨ ਬਾਬਾ ਦੀਪ ਸਿੰਘ ਜੀ ਨੇ ਸਿੱਖ ਸੰਗਤਾਂ ਦੇ ਨਾਲ-ਨਾਲ ਆਮ ਲੋਕਾਂ ਵਿਚ ਵੀ ਆਪਣੀ ਨਵੇਕਲੀ ਥਾਂ ਬਣਾ ਲਈ ਸੀ।

---

ਨੋਟ : (ੳ) ਸਿੰਘ ਸਾਹਿਬ ਗਿਆਨੀ ਨਰਿੰਜਨ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ, ਬੰਦਈ ਖਾਲਸਾ ਅਤੇ ਤੱਤ ਖਾਲਸਾ ਦੇ ਝਗੜੇ ਵਿਚ ਆਪ ਸ਼ਾਮਿਲ ਸੀ, ਜੋ ਤੱਥਾਂ ਦੇ ਆਧਾਰ 'ਤੇ ਠੀਕ ਨਹੀਂ ਹੈ, ਕਿਉਂਕਿ 1773 ਬਿ. (ਅਪ੍ਰੈਲ 1716 ਈ.) ਦੀ ਵਿਸਾਖੀ ਨੂੰ ਤਾਂ ਬਾਬਾ ਬੰਦਾ ਸਿੰਘ, ਸਮੇਂ ਦੀ ਸਰਕਾਰ ਦੇ ਕਬਜੇ ਵਿਚ ਸਨ, ਜਿਨ੍ਹਾਂ ਨੂੰ ਦਿੱਲੀ ਵਿਖੇ, ਸੈਂਕੜੇ ਸਿੰਘਾਂ ਸਮੇਤ, 09-06-1716 ਈ. ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ ।

(ਅ) ਇਸ ਤੋਂ ਇਲਾਵਾ 'ਗੁਰਮਤਿ ਪ੍ਰਕਾਸ਼, ਜੂਨ 2004' ਦੇ ਪੰਨਾ: 33 ਉੱਤੇ ਦਿੱਤੇ ਲੇਖ—'ਬਾਬਾ ਬੰਦਾ ਸਿੰਘ ਬਹਾਦਰ : ਵਿਅਕਤਿਤਵ ਅਤੇ ਪ੍ਰਾਪਤੀਆਂ' ਵਿਚ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ, ਇਹ ਸਿੱਟਾ ਕੱਢਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਨਾਲ ਬਾਬਾ ਬੰਦਾ ਸਿੰਘ ਦੇ ਪੂਰੀ ਦੀਨਤਾ ਨਾਲ ਜੁੜੇ ਰਹਿਣ ਬਾਰੇ ਕੋਈ ਸ਼ੱਕ ਨਹੀਂ ਹੈ। ਉਹ ਆਪਣੇ ਕਰਮਚਾਰੀਆਂ ਨੂੰ ਕਿਹਾ ਕਰਦਾ ਸੀ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਾਕਮ ਲਈ ਸਭ ਤੋਂ ਉੱਤਮ ਪੂਜਾ ਇਨਸਾਫ ਪਸੰਦ ਹੋਣਾ ਹੈ"। ਉਹ ਇਹ ਵੀ ਲਿਖਦੇ ਹਨ ਕਿ ਬਾਬਾ ਬੰਦਾ ਸਿੰਘ ਨੇ ਆਪਣੀਆਂ ਸਭ ਪ੍ਰਾਪਤੀਆਂ ਰਣਭੂਮੀ ਵਿਚ ਹੀ ਨਹੀਂ ਸਨ ਕੀਤੀਆਂ । ਉਸ ਨੇ ਲੋਕਾਂ ਦੇ ਮਨਾਂ ਵਿਚ ਇਕ ਇਨਕਲਾਬ ਲਿਆਂਦਾ, ਜਿਸਨੂੰ ਦੇਖਣ ਤੇ ਸਮਝਣ ਲਈ ਇਤਿਹਾਸ ਬਹੁਤ ਹੱਦ ਤਕ ਅਸਫਲ ਰਿਹਾ ਹੈ, ਇਤਿਆਦਿ।

## 10. ਪੰਥ ਚੜ੍ਹਦੀ ਕਲਾ ਵਿਚ :-

ਭਾਈ ਦੀਪ ਸਿੰਘ ਜੀ ਜੋ 'ਸ਼ਹੀਦਾਂ ਮਿਸਲ' ਦੇ ਪ੍ਰਮੁੱਖ ਜਥੇਦਾਰ ਸਨ, ਉਹ ਸਦਾ ਨਾਮ ਸਿਮਰਨ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਵਿਚ ਲੱਗੇ ਰਹਿੰਦੇ ਸਨ। 1794 ਬਿ. ਦੀ ਦੀਵਾਲੀ ਸਮੇਂ ਭਾਈ ਮਨੀ ਸਿੰਘ ਜੀ ਨੂੰ ਫੜ ਕੇ ਲਾਹੌਰ ਵਿਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਜੀ ਦੀਆਂ ਰੌਣਕਾਂ ਖਤਮ ਹੋ ਗਈਆਂ। ਜ਼ਕਰੀਆ ਖਾਨ ਨੇ ਸਿੰਘਾਂ 'ਤੇ ਦਬ-ਦਬਾ ਜਮਾਉਣ ਲਈ ਪੰਥ ਵਿਰੋਧੀ, ਸਰਕਾਰ ਪੱਖੀ ਝੋਲੀਝੁੱਕਾਂ ਦੀ ਇਕ ਜੁੰਡਲੀ ਤਿਆਰ ਕੀਤੀ। ਕਰਮਾਂ ਛੀਨਾ, ਧਰਮਦਾਸ 'ਟੋਪੀ', ਜੋਧਾ ਨਗਰੀਆ, ਹਰਭਗਤ ਨਿਰੰਜਨੀਆਂ ਜੰਡਿਆਲਾ, ਰਾਮਾ ਰੰਧਾਵਾ ਤਲਵੰਡੀ, ਚੌਧਰੀ ਸਾਹਿਬ ਰਾਏ ਨੌਸ਼ਹਿਰਾ ਢਾਲਾ, ਚੌਧਰੀ ਨੌਸ਼ਹਿਰਾ ਪਨੂੰਆਂ, ਚੌਧਰੀ ਮਜੀਠੀਏ ਅਤੇ ਮੱਸਾ ਰੰਘੜ ਮੰਡਿਆਲਾ ਇਸ ਜੁੰਡਲੀ ਦੇ ਮੈਂਬਰ ਸਨ। ਇਨ੍ਹਾਂ ਨੇ ਜ਼ਕਰੀਆ ਖਾਨ ਨੂੰ ਖੁਸ਼ ਕਰਨ ਲਈ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਦਾ ਕਾਰ ਮੁਖਤਾਰ ਬਣਾ ਦਿੱਤਾ। ਮੱਸੇ ਰੰਘੜ ਦੇ ਸ਼ੈਤਾਨ ਦਿਮਾਗ ਵਿਚ ਫਤੂਰ ਮੱਚ ਗਿਆ ਅਤੇ ਉਹ ਲੱਗਾ ਮਨਮਾਨੀਆਂ ਕਰਨ। ਸ੍ਰੀ ਹਰਿਮੰਦਰ ਸਾਹਿਬ ਵਿਚ ਪਲੰਘ ਡਾਹ ਕੇ ਮੁਜਰਾ ਲਾਉਣ ਲੱਗ ਪਿਆ।

ਖ਼ਾਲਸਾ ਪੰਥ ਨੇ ਅੰਮ੍ਰਿਤਸਰ ਛੱਡ ਕੇ ਬੀਕਾਨੇਰ, ਦਮਦਮਾ ਸਾਹਿਬ, ਆਦਿ ਵਿਖੇ ਠਾਹਰਾਂ ਬਣਾ ਲਈਆਂ। ਰਾਜਸਥਾਨ ਵਿਚ ਭਾਈ ਬੁੱਢਾ ਸਿੰਘ ਨੂੰ ਮੱਸੇ ਦੀ ਕਾਲੀ ਕਰਤੂਤ ਦਾ ਪਤਾ ਲੱਗਾ ਤਾਂ ਕੁਝ ਸਿੰਘ ਨਾਲ ਲੈ ਕੇ ਦਮਦਮਾ ਸਾਹਿਬ ਵਿਖੇ ਭਾਈ ਦੀਪ ਸਿੰਘ ਜੀ ਨੂੰ ਮੱਸੇ ਰੰਘੜ ਦੀ ਸਾਰੀ ਕਰਤੂਤ ਦੱਸੀ, ਜੋ ਸੁਣਦਿਆਂ ਸਾਰ ਹੀ ਬੀਰ ਰਸ ਵਿਚ ਆ ਗਏ। ਭਰੇ ਦੀਵਾਨ ਵਿਚ ਖੜੇ ਹੋ ਕੇ ਬੜੇ ਰੋਹ ਵਿਚ ਬੋਲੇ ਕਿ ਮੱਸੇ ਰੰਘੜ ਦਾ ਸਿਰ ਵੱਢ ਕੇ ਕੌਣ ਲਿਆਏਗਾ? ਉਨ੍ਹਾਂ ਦੇ ਵੰਗਾਰਨ ਦੀ ਹੀ ਦੇਰ ਸੀ ਕਿ ਸਰਦਾਰ ਮਹਿਤਾਬ ਸਿੰਘ ਮੀਰਾਂਕੋਟ ਅਤੇ ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਕੀ, ਦੋਵੇਂ ਹੱਥ ਜੋੜ ਕੇ ਸਾਵਧਾਨ ਹੋ ਗਏ ਅਤੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ "ਇਸ ਕਾਰਜ ਲਈ ਸੰਗਤ' ਸਾਨੂੰ ਹੁਕਮ ਦੇਵੇ। ਕਲਗੀਧਰ ਪਾਤਸ਼ਾਹ ਇਹ ਕਾਰਜ ਕਰਨ ਲਈ ਸਾਨੂੰ ਬਲ ਬਖਸ਼ਣ"। ਦੋਵੇਂ ਸਿੰਘ ਪਠਾਣੀ ਨੰਬਰਦਾਰਾਂ ਦਾ ਭੇਸ ਧਾਰ ਕੇ ਸ੍ਰੀ ਅੰਮ੍ਰਿਤਸਰ ਪੁੱਜੇ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਕੇ ਮੱਸੇ ਦਾ ਸਿਰ ਵੱਢਿਆ ਅਤੇ ਨੱਚ ਰਹੀ ਵੇਸਵਾ ਨੂੰ ਕਤਲ ਕਰ ਦਿੱਤਾ। ਮੁਜਰਾ ਵੇਖਣ ਵਾਲਿਆਂ ਦੇ ਸਾਹਮਣੇ ਮੱਸੇ ਦਾ ਸਿਰ ਨੇਜੇ 'ਤੇ ਟੰਗਿਆ ਅਤੇ ਹਰਨ ਹੋ ਗਏ। ਮੱਸੇ ਦੁਸ਼ਟ ਦਾ ਸਿਰ



ਬਾਬਾ ਦੀਪ ਸਿੰਘ ਜੀ ਦੇ ਅੱਗੇ ਜਾ ਰੱਖਿਆ। ਬਾਬਾ ਜੀ ਦੀ ਕੀਤੀ ਹੋਈ ਅਰਦਾਸ ਦੇ ਸਦਕੇ ਦੋਵੇਂ ਬੀਰ ਬਹਾਦਰ ਸਿੰਘ ਆਪਣੇ ਮਿਸ਼ਨ ਵਿਚ ਸਫਲ ਹੋ ਗਏ।

ਹਕੂਮਤ ਬਹੁਤ ਤਿਲਮਿਲਾਈ, ਹਰਭਗਤ ਨਿਰੰਜਨੀਏ ਨੇ ਚੁਗਲੀ ਕੀਤੀ ਅਤੇ ਮੱਸੇ ਦੇ ਕਤਲ ਦਾ ਦੋਸ਼ੀ ਸਰਦਾਰ ਮਹਿਤਾਬ ਸਿੰਘ ਮੀਰਾਂਕੋਟ ਨੂੰ ਠਹਿਰਾਇਆ। ਮਹਿਤਾਬ ਸਿੰਘ ਜੰਗਲਾਂ ਵਿਚ ਜਾਣ ਤੋਂ ਪਹਿਲਾਂ ਆਪਣੇ ਛੋਟੇ ਪੁੱਤਰ ਰਾਏ ਸਿੰਘ ਨੂੰ ਪਿੰਡ ਦੇ ਨੰਬਰਦਾਰ, ਚੌਧਰੀ ਨੱਥਾ ਜੀ ਦੇ ਹਵਾਲੇ ਕਰ ਗਏ ਸਨ ਕਿ "ਇਸ ਪੰਥ ਦੀ ਅਮਾਨਤ ਨੂੰ ਸੰਭਾਲਣਾ ਤੇਰੀ ਜ਼ਿੰਮੇਵਾਰੀ ਹੈ"।

ਚੌਧਰੀ ਨੱਥਾ, ਪਿੰਡ ਮੀਰਾਂਕੋਟ ਖੁਰਦ ਸਯਦ ਸਿਕੰਦਰ ਅਲੀ ਦੀ ਜਗੀਰ ਦਾ ਨੰਬਰਦਾਰ ਸੀ। ਹਕੂਮਤ ਨੇ ਸਯਦ 'ਤੇ ਵੀ ਸਖਤੀ ਕੀਤੀ ਕਿ ਤੇਰੀ ਜਗੀਰ ਵਿਚ ਵਸਨੀਕ ਇਕ ਸਿੱਖ, ਮੱਸੇ ਦਾ ਸਿਰ ਵੱਢ ਕੇ ਕਿਵੇਂ ਲੈ ਗਿਆ? ਸਯਦ ਮੁੱਕਰ ਗਿਆ ਕਿ ਮਹਿਤਾਬ ਸਿੰਘ ਤਾਂ ਪਿੰਡ ਰਹਿੰਦਾ ਹੀ ਨਹੀਂ।

ਜ਼ਕਰੀਆ ਖਾਨ ਨੇ ਨੂਰਦੀਨ ਫੌਜਦਾਰ ਨੂੰ ਫ਼ੌਜੀ ਦਸਤਾ ਦੇ ਕੇ ਤੋਰਿਆ, ਜਿਸਨੇ ਪਿੰਡ ਨੂੰ ਘੇਰਾ ਪਾ ਲਿਆ ਪਰ ਨੱਥਾ ਨੰਬਰਦਾਰ ਪਹਿਲਾਂ ਹੀ ਰਾਏ ਸਿੰਘ ਨੂੰ ਮੋਢੇ 'ਤੇ ਚੁੱਕ ਕੇ ਬਾਹਰ ਨਿਕਲ ਗਿਆ ਸੀ। ਪਰੰਤੂ, ਫੌਜ ਨੇ ਨੱਥੇ ਚੌਧਰੀ ਨੂੰ ਫੜ ਕੇ ਮਾਰ ਦਿੱਤਾ ਅਤੇ ਬੱਚੇ ਰਾਏ ਸਿੰਘ ਨੂੰ ਅੱਧ-ਮੋਇਆ ਜਿਹਾ ਕਰਕੇ ਸੁੱਟ ਗਏ। ਸਖਤ ਜ਼ਖਮੀ ਹੋਣ ਦੇ ਬਾਵਜੂਦ, ਰਾਏ ਸਿੰਘ ਇਕ ਕੰਬੋਅ ਇਸਤਰੀ ਦੇ ਹੱਥ ਆ ਗਿਆ, ਜਿਸ ਦੇ ਘਰ ਕੋਈ ਪੁੱਤਰ ਨਹੀਂ ਸੀ। ਉਸ ਨੇ ਰਾਏ ਸਿੰਘ ਦੀ ਬੜੀ ਸੇਵਾ ਕੀਤੀ ਅਤੇ ਉਹ ਨੌਂ-ਬਰ-ਨੌਂ ਹੋ ਗਿਆ। ਬਾਅਦ ਵਿਚ ਇਹ ਭਾਈ ਰਾਏ ਸਿੰਘ ਹੀ ਸਨ ਜਿਨ੍ਹਾਂ ਦੇ ਘਰ ਭਾਈ ਰਤਨ ਸਿੰਘ ਭੰਗੂ ਦਾ ਜਨਮ ਹੋਇਆ। ਭੰਗੂ ਜੀ ਨੇ ਮਹਾਨ ਸਿੱਖ ਸੂਰਬੀਰਾਂ ਦੇ ਜੀਵਨ ਚਰਿੱਤਰ ਲਿਖ ਕੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਰੌਸ਼ਨ ਕੀਤੇ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਖਾਲਸੇ ਦੀ ਚੜ੍ਹਦੀ ਕਲਾ ਹੋਈ ਤੇ ਹੁੰਦੀ ਰਹੇਗੀ।

1794 ਬਿ. ਵਿਚ ਸ੍ਰ. ਮਹਿਤਾਬ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ, ਪੰਜ ਸਾਲ ਲਾਹੌਰ ਕਿਲ੍ਹੇ ਵਿਚ ਨਜ਼ਰਬੰਦ ਰੱਖਿਆ ਗਿਆ ਤੇ 1799 ਬਿ. ਨੂੰ ਸ਼ਹੀਦ ਕੀਤਾ ਗਿਆ। ਇਸ ਮਹਾਨ ਸ਼ਹੀਦ ਦੀ ਯਾਦ ਵਿਚ ਇਕ ਗੁਰਦੁਆਰਾ ਪਿੰਡ: ਮੀਰਾਂਕੋਟ ਵਿਚ ਹੈ ਅਤੇ ਇਕ ਪਿੰਡ ਤੋਂ ਬਾਹਰਵਾਰ ਪੱਕੀ ਸੜਕ 'ਤੇ ਸਥਿਤ ਹੈ, ਜਿਨ੍ਹਾਂ ਤੋਂ ਚੜ੍ਹਦੀ ਕਲਾ ਅਤੇ ਕੁਰਬਾਨੀ ਕਰਨ ਲਈ ਉਤਸ਼ਾਹ ਅਤੇ ਪ੍ਰੇਰਨਾ ਮਿਲਦੀ ਹੈ।

11. **ਬਾਬਾ ਜੀ ਦੀ ਖੁੱਲ੍ਹਦਿਲੀ :-**

ਆਪਣੇ ਮਹਾਨ ਗੁਣਾਂ ਸਦਕਾ ਬਾਬਾ ਜੀ ਦੀ ਇੰਨ੍ਹੀ ਵਡਿਆਈ ਤੇ ਉਪਮਾ ਹੋ ਗਈ ਸੀ ਕਿ ਇਕ ਵਾਰ ਆਪ ਜੀ ਨੇ ਜੈਸਲਮੇਰ ਅਤੇ ਬੀਕਾਨੇਰ ਦੇ ਦੋ ਹਿੰਦੂ ਰਾਜਿਆਂ ਦੀ ਸੁਲਾਹ ਕਰਵਾ ਦਿੱਤੀ ਸੀ।

ਕੁਝ ਸਮਾਂ ਸਿੰਘਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਨ੍ਹਾਂ ਦੇ ਪਰਉਪਕਾਰ ਅਤੇ ਮਹਾਨ ਕਾਰਨਾਮਿਆਂ ਤੋਂ ਸਿੰਘਾਂ ਵਿਚ ਜਾਗ੍ਰਿਤੀ ਆਈ ਹੀ ਸੀ ਕਿ ਅਦੀਨਾ ਬੇਗ਼, ਜਲੰਧਰ ਨੇ ਗੜਬੜ ਅਰੰਭ ਕਰ ਦਿੱਤੀ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਦੀਪ ਸਿੰਘ ਜੀ ਦੀ ਸਲਾਹ ਲਈ ਕਿ ਹੁਣ ਖ਼ਾਲਸੇ ਨੂੰ ਕੀ ਕਰਨਾ ਚਾਹੀਦਾ ਹੈ? ਬਾਬਾ ਦੀਪ ਸਿੰਘ ਜੀ ਨੇ ਹੁਕਮ ਕੀਤਾ ਕਿ ਸਭ ਮਿਸਲਾਂ ਸੂਰਮਿਆਂ ਸਮੇਤ ਦੁਆਬੇ ਵਿਚ ਇਕੱਠੀਆਂ ਹੋਣ ਅਤੇ ਅਦੀਨਾ ਬੇਗ਼ ਨੂੰ ਸੋਧਿਆ ਜਾਵੇ।

ਸੋ 12 ਮਿਸਲਾਂ ਦਾ ਦੁਆਬੇ ਵਿਚ ਇਕੱਠ ਹੋਇਆ, ਘਮਸਾਨ ਦਾ ਯੁੱਧ ਹੋਇਆ, ਜਿਸ ਵਿਚ ਅਦੀਨਾ ਬੇਗ਼ ਫੌਜ ਸਮੇਤ ਮਾਰਿਆ ਗਿਆ। ਜਿੱਤ ਪਿੱਛੋਂ ਵਿਚਾਰ ਹੋਈ ਕਿ ਇਹ ਇਲਾਕਾ ਕਿਸ ਨੂੰ ਸੌਂਪਿਆ ਜਾਵੇ। ਫੈਸਲਾ ਹੋਇਆ ਕਿ "ਬਾਬਾ ਦੀਪ ਸਿੰਘ ਜੀ, ਜੋ ਫੈਸਲਾ ਕਰਨ ਪੰਥ ਨੂੰ ਪ੍ਰਵਾਨ ਹੈ"। ਨਿਰਸਵਾਰਥ ਬਾਬਾ ਦੀਪ ਸਿੰਘ ਜੀ ਨੇ ਜਿੱਤਿਆ ਇਲਾਕਾ ਸ੍ਰ. ਜੱਸਾ ਸਿੰਘ ਆਹਲੂਵਾਲੀਆ ਜੀ ਦੇ ਸਪੁਰਦ ਕਰਨ ਦਾ ਫੈਸਲਾ ਸੁਣਾਇਆ ਜੋ ਸਿਰ ਮੱਥੇ ਪ੍ਰਵਾਨ ਕੀਤਾ ਗਿਆ।

ਅਜੇ ਸਿੰਘ ਦੁਆਬੇ ਵਿਚ ਹੀ ਸਨ ਕਿ ਮੁਹੰਮਦ ਆਮੀਨ ਖ਼ਾਨ ਸਿਆਲਕੋਟ ਨੇ ਜਹਾਦ ਖੜਾ ਕਰ ਦਿੱਤਾ। ਉਹ ਖਾਲਸੇ ਨੂੰ ਮਾਰ ਕੇ ਤਬਾਹ ਕਰਨਾ, ਇਸਲਾਮੀ ਸ਼ਰ੍ਹਾ ਅਨੁਸਾਰ ਸਵਾਬ (ਪੁੰਨ) ਸਮਝਦਾ ਸੀ। ਆਮੀਨ ਖ਼ਾਨ ਦੀ ਇਸ ਪਾਲਿਸੀ ਤੋਂ ਧਾੜਵੀ ਅਤੇ ਜ਼ਾਲਮ ਮੁਸਲਮਾਨ, ਸਿੱਖਾਂ ਨੂੰ ਲੁੱਟਦੇ ਅਤੇ ਉਨ੍ਹਾਂ ਉੱਤੇ ਅੱਤਿਆਚਾਰ ਕਰਦੇ ਸਨ।

ਮੈਕਾਲਫ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਮਨੁੱਖਤਾ ਦੀ ਸੇਵਾ ਸੰਭਾਲ ਲਈ ਹੀ ਸਾਜਿਆ ਸੀ। ਉਸ (ਆਮੀਨ ਖਾਂ) ਦੇ ਅੱਤਿਆਚਾਰਾਂ ਦੀ ਦੁਆਬੇ ਵਿਚ ਖਬਰ ਮਿਲੀ। ਸਿੰਘਾਂ ਨੇ ਬਿਆਸ ਪਾਰ ਕਰਕੇ ਬਟਾਲਾ ਤੋਂ ਡੇਰਾ ਬਾਬਾ ਨਾਨਕ ਪੁੱਜ ਕੇ ਪੰਥ ਦਾ ਇਕੱਠ ਕੀਤਾ ਅਤੇ ਮੁਹੰਮਦ ਆਮੀਨ ਖਾਨ ਨੂੰ ਸੋਧਣ ਲਈ ਪਹਿਲੇ ਹੀ ਦਿਨ ਘੋੜਿਆਂ ਸਮੇਤ ਰਾਵੀ ਪਾਰ ਕਰਕੇ ਜਾ ਘੇਰਿਆ। ਆਮੀਨ ਖਾਨ ਮੈਦਾਨ ਛੱਡ ਕੇ ਦੌੜਿਆ



ਪਰ ਸਿੰਘਾਂ ਨੇ ਉਸਨੂੰ ਬੋਚ ਕੇ ਉਸਦੇ ਅੱਤਿਆਚਾਰਾਂ ਦਾ ਬਦਲਾ ਲਿਆ ਅਤੇ ਉਸਦੀ ਸਾਰੀ ਫੌਜ ਵੀ ਮਾਰ ਦਿੱਤੀ। ਲਾਹੌਰ ਦਰਬਾਰ ਦੀ ਮਦਦ ਉੱਤੇ ਉਸਨੂੰ ਮਾਣ ਸੀ ਪਰ ਉਸਦੀ ਮਦਦ ਲਈ ਕੋਈ ਨਾ ਬਹੁੜਿਆ।

ਸਿਆਲਕੋਟ ਦਾ ਪ੍ਰਬੰਧ ਕਿਸਦੇ ਹਵਾਲੇ ਕੀਤਾ ਜਾਵੇ, ਦੁਆਬੇ ਵਾਂਗ, ਇਹ ਫੈਸਲਾ ਕਰਨ ਦੇ ਵੀ ਪੂਰੇ ਅਧਿਕਾਰ ਬਾਬਾ ਦੀਪ ਸਿੰਘ ਜੀ ਨੂੰ ਦਿੱਤੇ ਗਏ। ਬਾਬਾ ਜੀ ਨੇ ਸੋਚ ਸਮਝ ਕੇ ਇਹ ਇਲਾਕਾ, ਲਾਹੌਰ ਦੇ ਨਾਲ ਲਗਦਾ ਹੋਣ ਕਰਕੇ, ਪੰਥ ਦੇ ਮਹਾਨ ਸੂਰਬੀਰ ਤੇ ਸਿਰਲੱਥ ਯੋਧੇ ਸ੍ਰ. ਨੱਥਾ ਸਿੰਘ ਤੇ ਸ੍ਰ. ਦਿਆਲ ਸਿੰਘ, ਜਿਨ੍ਹਾਂ ਨੂੰ ਇਸ ਇਲਾਕੇ ਦਾ ਭੇਤ ਵੀ ਸੀ, ਦੇ ਹਵਾਲੇ ਕਰਨ ਦਾ ਫੈਸਲਾ ਦਿੱਤਾ। ਪੰਥ ਨੇ ਖੁਸ਼ੀਆਂ ਦੇ ਜੈਕਾਰੇ ਛੱਡੇ ਅਤੇ ਸਿਰ ਮੱਥੇ ਮੰਨਿਆ।

ਪੰਥ ਦੇ ਸਰਕਾਰੀ ਧੱਕੇ-ਸ਼ਾਹੀ ਵਿਰੁੱਧ ਲੜਦੇ-ਭਿੜਦੇ ਰਹਿਣ ਵਿਚ ਸ੍ਰ. ਨੱਥਾ ਸਿੰਘ ਤੇ ਸ੍ਰ. ਦਿਆਲ ਸਿੰਘ ਸ਼ਹੀਦੀਆਂ ਪਾ ਗਏ। ਉਨ੍ਹਾਂ ਪਿੱਛੋਂ ਉਨ੍ਹਾਂ ਦੇ ਜਾਨਸ਼ੀਨ (ਉੱਤਰਾਧਿਕਾਰੀ) ਸ੍ਰ. ਕਰਮ ਸਿੰਘ ਤੇ ਸ੍ਰ. ਗੁਲਾਬ ਸਿੰਘ ਨੂੰ ਪੰਥ ਨੇ ਸਾਰਾ ਇਲਾਕਾ ਦੇ ਦਿੱਤਾ ਪਰ ਉਹ ਬਾਅਦ ਵਿਚ ਪੰਥ ਨੂੰ ਹੀ ਅੱਖਾਂ ਵਿਖਾਉਣ ਲੱਗ ਪਏ। ਉਨ੍ਹਾਂ ਦੀਆਂ ਪੰਥ ਪ੍ਰਤੀ ਬਦਸਲੂਕੀਆਂ ਬਾਰੇ ਬਾਬਾ ਦੀਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਸ਼ਹੀਦ ਮਿਸਲ ਦੇ 2000 ਸਿੰਘਾਂ ਸਮੇਤ ਸਿਆਲਕੋਟ 'ਤੇ ਧਾਵਾ ਬੋਲ ਕੇ ਕਰਮ ਸਿੰਘ ਤੇ ਗੁਲਾਬ ਸਿੰਘ ਨੂੰ ਪਕੜ ਕੇ ਸਾਰਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਪਰ ਬਾਬਾ ਜੀ ਰਾਜ ਸੱਤਾ ਕਾਇਮ ਕਰਨ ਦੇ ਵਿਰੁੱਧ ਸਨ। ਉਨ੍ਹਾਂ ਨੇ ਸ਼ਹੀਦ ਮਿਸਲ ਦੇ ਇਕੱਠ ਵਿਚ ਫੈਸਲਾ ਕੀਤਾ ਕਿ ਸਿਆਲਕੋਟ ਇਲਾਕੇ ਦੀ ਜਗੀਰ ਕਿਸੇ ਇਕ ਵਿਅਕਤੀ ਦੀ ਮਲਕੀਅਤ ਨਹੀਂ ਹੋਵੇਗੀ। ਇਸ ਇਲਾਕੇ ਦੀ ਜਗੀਰ ਗੁਰਦੁਆਰਾ ਬੇਰ ਸਾਹਿਬ ਦੇ ਲੰਗਰ ਦੇ ਨਾਂ ਲਗਾਈ ਜਾਂਦੀ ਹੈ। ਮਿਸਲਾਂ ਵਿਚ ਸਭ ਤੋਂ ਪਹਿਲੀ ਤੇ ਉੱਤਮ ਮਿਸਾਲ ਬਾਬਾ ਦੀਪ ਸਿੰਘ ਜੀ ਨੇ ਕਾਇਮ ਕੀਤੀ।

12. **ਇਕ ਲੁਟੇਰੇ ਨੂੰ ਲੁੱਟਣ ਵਿਚ ਬਾਬਾ ਦੀਪ ਸਿੰਘ ਜੀ ਦਾ ਯੋਗਦਾਨ:-**

ਮੀਰ ਮੰਨੂੰ ਦੀ ਮੌਤ ਪਿੱਛੋਂ ਅਹਿਮਦ ਸ਼ਾਹ ਦਿੱਲੀ ਨੇ ਤਿੰਨ ਸਾਲ ਦੇ ਬੱਚੇ ਮਹਿਮੂਦ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾ ਦਿੱਤਾ ਜਿਸ ਕਾਰਨ ਦਿੱਲੀ ਦਰਬਾਰ ਵਿਚ ਫੁੱਟ ਪੈ ਗਈ। ਇਸ ਫੁੱਟ ਦਾ ਫਾਇਦਾ ਉਠਾਉਣ ਲਈ ਮੀਰ ਮੰਨੂੰ ਦੀ ਮੁਗਲਾਣੀ ਬੇਗ਼ਮ ਨੇ ਅਹਿਦ ਸ਼ਾਹ ਅਬਦਾਲੀ ਨੂੰ ਕੰਧਾਰ ਖਬਰ ਭੇਜ ਦਿੱਤੀ, ਜੋ ਤੁਰੰਤ ਇੱਕ ਲੱਖ ਫੌਜ ਲੈ ਕੇ 22-12-1756 ਈ. ਨੂੰ ਲਾਹੌਰ ਪੁੱਜਾ। ਉਨ੍ਹੀਂ ਦਿਨੀਂ ਸਿੰਘ ਜੰਗਲਾਂ ਵਿਚ ਰਹਿੰਦੇ ਹੁੰਦੇ ਸਨ ਅਤੇ ਪੰਜਾਬ ਖਾਲੀ ਹੀ ਪਿਆ ਸੀ। ਅਬਦਾਲੀ ਮਾਰੋ-ਮਾਰ ਕਰਦਾ 28-01-1757 ਈ.

ਨੂੰ ਦਿੱਲੀ ਪੁੱਜ ਗਿਆ। ਦਿੱਲੀ ਲੁੱਟ ਕੇ, ਉਸ ਨੇ ਆਗਰਾ ਲੁੱਟਿਆ, ਮੰਦਰ ਲੁੱਟੇ, ਔਰਤਾਂ ਦੀ ਬੇ-ਪਤੀ ਕੀਤੀ; ਨਵਾਬਾਂ, ਅਮੀਰਾਂ, ਵਜ਼ੀਰਾਂ ਦੀਆਂ 400 ਸੁੰਦਰ ਅਬਲਾ ਦੇਵੀਆਂ, ਹਿੰਦੂ ਲੜਕੀਆਂ ਅਤੇ ਲੁੱਟ ਦਾ ਮਾਲ, ਸੋਨੇ-ਚਾਂਦੀ ਦੀਆਂ ਮੂਰਤੀਆਂ ਸਮੇਤ, ਲੈ ਕੇ 04-1757 ਈ. ਨੂੰ ਦਿੱਲੀ ਤੋਂ ਕੂਚ ਕੀਤਾ। ਅਬਦਾਲੀ ਸਮਝਦਾ ਸੀ ਕਿ ਮੈਨੂੰ ਹੁਣ ਰੋਕਣ ਵਾਲਾ ਕੌਣ ਹੈ?

ਅਬਦਾਲੀ ਦੀਆਂ ਕਰਤੂਤਾਂ ਦਾ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੂੰ ਪਤਾ ਲੱਗਾ, ਉਸਨੇ ਕਿਸੇ ਜੁਗਤ ਨਾਲ ਸਿੰਘਾਂ ਨੂੰ ਚਿੱਠੀਆਂ ਲਿਖੀਆਂ ਤੇ ਵੰਗਾਰਿਆ ਕਿ ਖਾਲਸੇ ਦਾ ਜਨਮ ਮਜ਼ਲੂਮਾਂ ਦੀ ਰਾਖੀ ਅਤੇ ਮਨੁੱਖਤਾ ਦੀ ਸੇਵਾ ਲਈ ਹੋਇਆ ਹੈ। ਜੇ ਖਾਲਸੇ ਦੇ ਹੁੰਦੇ ਹੋਏ, ਅਬਦਾਲੀ ਅਬਲਾ ਬੀਬੀਆਂ ਨੂੰ ਲੈ ਕੇ ਪੰਜਾਬ ਪਾਰ ਕਰ ਗਿਆ ਤਾਂ ਸਾਡੇ ਮੱਥੇ 'ਤੇ ਵੱਡਾ ਕਲੰਕ ਲੱਗੇਗਾ। ਖਬਰ ਮਿਲਦੇ ਸਾਰ 'ਸ਼ਹੀਦ ਮਿਸਲ' ਦੇ ਮੁਖੀ ਬਾਬਾ ਦੀਪ ਸਿੰਘ ਜੀ 500 ਘੋੜਸਵਾਰਾਂ ਦਾ ਜਥਾ ਲੈ, ਦਮਦਮਾ ਸਾਹਿਬ ਤੋਂ ਚੱਲ ਕੇ ਰਾਤੋ-ਰਾਤ ਥਾਨੇਸਰ ਦੇ ਜੰਗਲਾਂ ਵਿਚ ਪੁੱਜ ਗਏ ਤੇ ਅਬਦਾਲੀ ਦੀ ਉਡੀਕ ਕਰਨ ਲੱਗ ਪਏ। ਸ਼ਰਾਬ ਨਾਲ ਰੱਜਿਆ ਤੇ ਹੰਕਾਰ ਦਾ ਭਰਿਆ ਅਬਦਾਲੀ ਹਾਥੀ 'ਤੇ ਸਵਾਰ ਸੀ। ਅੱਗੇ-ਅੱਗੇ ਸ਼ਾਹੀ ਫੌਜ, ਵਿਚਕਾਰ ਲੁੱਟ ਦਾ ਮਾਲ, ਗੱਡਿਆਂ 'ਤੇ ਬੈਠੀਆਂ ਅਬਲਾ ਔਰਤਾਂ ਤੇ ਮੁੰਡੇ ਅੱਲ੍ਹਾ ਤੇ ਰਾਮ ਨੂੰ ਯਾਦ ਕਰਕੇ ਰੋ ਰਹੇ ਸਨ। ਪਿੱਛੇ ਫੌਜ, ਸੱਜੇ-ਖੱਬੇ ਸਾਰੇ ਸ਼ਰਾਬ ਨਾਲ ਮਸਤ ਹੋਏ ਫੌਜੀ, ਸ਼ਾਹਬਾਦ ਮਾਰਕੰਡਾ ਤੇ ਪਿਪਲੀ ਦੇ ਵਿਚਕਾਰ, ਰਾਤ ਪੈਣ 'ਤੇ ਡੇਰਾ ਲਾਈ ਬੈਠੇ ਸਨ।

ਇਧਰ, ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੀ ਫੌਜ ਦੇ ਨਾਲ ਬਾਬਾ ਦੀਪ ਸਿੰਘ ਜੀ ਦੇ 500 ਘੋੜਸਵਾਰਾਂ ਨੇ ਪੰਜ ਜੱਥੇ ਬਣਾ ਕੇ ਗੁਰੀਲਾ ਜੰਗ ਲਈ ਤਿਆਰੀ ਕੀਤੀ ਹੋਈ ਸੀ। ਸਿੰਘਾਂ ਨੂੰ, ਧਰਮ ਯੁੱਧ ਵਿਚ ਆਪਣਾ ਈਮਾਨ ਤੇ ਆਚਰਨ ਕਾਇਮ ਰੱਖ ਕੇ ਕੁਰਬਾਨੀ ਕਰਨ ਦੀ, ਸਖ਼ਤ ਹਿਦਾਇਤ ਕੀਤੀ ਗਈ। ਇਧਰ, ਅਮੀਰਾਂ-ਵਜ਼ੀਰਾਂ ਦੀ ਤਾਂ ਗੱਲ ਹੀ ਛੱਡੋ, ਸਾਰੀ ਫ਼ੌਜ ਨੂੰ ਨਸ਼ੇ ਵਿਚ ਰੱਬ ਭੁੱਲਾ ਹੋਇਆ ਸੀ।

ਸਿੰਘਾਂ ਦਾ ਦਾਅ ਲੱਗਾ, ਉਨ੍ਹਾਂ ਰਾਤ ਨੂੰ ਹੀ ਜੋਰਦਾਰ ਹੱਲਾ ਬੋਲ ਦਿੱਤਾ, ਲੁੱਟ ਦਾ ਧਨ-ਮਾਲ ਲੁੱਟ ਲਿਆ, ਗੱਡਿਆਂ 'ਤੇ ਸਵਾਰ ਦੇਵੀਆਂ ਸਮੇਤ ਗੱਡਿਆਂ ਦੇ ਮੂੰਹ ਜੰਗਲ ਵੱਲ ਕਰਕੇ ਤੋਰ ਦਿੱਤੇ। ਫੌਜ ਵਿਚ ਹਫੜਾ-ਦਫੜੀ ਮੱਚ ਗਈ। ਸਿੰਘ ਲੁੱਟਮਾਰ ਕਰਕੇ ਜੰਗਲਾਂ ਵਿਚ ਜਾ ਵੜੇ। ਦੇਵੀਆਂ ਦੇ ਹੱਥ-ਪੈਰ ਖੋਲ੍ਹੇ, ਥਾਂ ਪਤੇ ਪੁੱਛੇ ਤੇ ਘਰੋ-ਘਰੀ ਪਹੁੰਚਾ ਦਿਤੀਆਂ। ਖ਼ਾਲਸੇ ਦਲ ਦਾ ਇਹ ਵੱਡਾ ਪਰਉਪਕਾਰ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਚਮਕਦਾ



ਪਿਆ ਹੈ। ਦਿਨ ਚੜ੍ਹੇ ਅਬਦਾਲੀ ਨੂੰ ਹੋਸ਼ ਆਈ, ਸ਼ਰਮਿੰਦਾ ਹੋਇਆ ਅਤੇ ਫੌਜ ਦੇ ਮੁਖੀਆਂ ਨੂੰ ਤਾੜਦਾ ਹੋਇਆ, ਪੰਜਾਬ ਵੱਲ ਨੂੰ ਤੁਰ ਪਿਆ।

ਸਤਲੁਜ ਤੇ ਬਿਆਸ ਪਾਰ ਕਰਕੇ ਜਾਂ ਫਿਰ ਰਾਤ ਪਈ ਤਾਂ ਸਿੰਘਾਂ ਨੇ ਫਿਰ ਸ਼ੇਰਾਂ ਵਾਂਗ ਝਪਟ ਮਾਰੀ ਤੇ ਸ਼ਾਹੀ ਸਮਾਨ ਲੁੱਟ ਲਿਆ ਅਤੇ ਕਾਫੀ ਫੌਜੀ ਵੀ ਮਾਰ ਮੁਕਾਏ। ਖ਼ਾਲਸਾ ਦਲ ਨੇ ਅਬਦਾਲੀ ਦੀ ਧਾੜ ਦਾ ਅਟਾਰੀ ਤਕ ਪਿੱਛਾ ਕੀਤਾ। ਅਬਦਾਲੀ ਨੇ, ਸ਼ਰਮ ਦੇ ਮਾਰੇ ਬਚੀ-ਖੁਚੀ ਫੌਜ ਲੈ ਕੇ, ਲਾਹੌਰ ਜਾ ਕੇ ਸਾਹ ਲਿਆ। ਬਾਬਾ ਜੀ ਆਪਣੇ ਜੱਥੇ ਸਮੇਤ ਦਮਦਮਾ ਸਾਹਿਬ ਨੂੰ ਵਾਪਿਸ ਮੁੜ ਗਏ।

13. **ਅਬਦਾਲੀ ਵੱਲੋਂ ਲੇਖਾ-ਜੋਖਾ :-**

ਹਾਰ ਦੀ ਨਮੋਸ਼ੀ ਤੇ ਦਿਲ ਦੀ ਘਬਰਾਹਟ ਦੂਰ ਕਰਨ ਲਈ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਇਕ ਦਰਬਾਰ-ਏ-ਖ਼ਾਸ ਲਾਉਣ ਲਈ ਆਖਿਆ, ਦਰਬਾਰ ਵਿਚ ਪੁੱਛਿਆ ਕਿ ਲਾਹੌਰ ਤੋਂ ਦਿੱਲੀ ਜਾਂਦੇ ਸਮੇਂ ਸਾਰਾ ਪੰਜਾਬ ਖਾਲੀ ਸੀ। ਇੰਨੀ ਛੇਤੀ ਇਹ ਜਰਵਾਣੇ ਕਿੱਥੋਂ ਪੈਦਾ ਹੋ ਗਏ, ਜਿਨ੍ਹਾਂ ਮੇਰੀ ਛੇ ਮਹੀਨੇ ਦੀ ਕੀਤੀ ਲੁੱਟ-ਕਸੁੱਟ ਖੋਹ ਲਈ ਤੇ ਫੌਜ ਵੀ ਕਾਫੀ ਮਾਰ ਦਿੱਤੀ। ਮੈਂ ਜਾਨ ਬਚਾ ਕੇ ਮਸਾਂ ਲਾਹੌਰ ਪੁੱਜਾ ਹਾਂ। ਇਕ ਕਾਜ਼ੀ ਨੇ ਉੱਠ ਕੇ ਦੱਸਿਆ ਕਿ ਇਹ ਸਿੱਖ ਹਨ, ਜਿਨ੍ਹਾਂ ਆਪਣੇ ਪੀਰ ਗੁਰੂ ਗੋਬਿੰਦ ਸਿੰਘ ਤੋਂ ਆਬ-ਏ-ਹਯਾਤ (ਅੰਮ੍ਰਿਤ) ਪੀ ਕੇ (ਛੱਕ ਕੇ) ਲੜਨਾ-ਮਰਨਾ ਸਿੱਖਿਆ ਹੈ, ਇਨ੍ਹਾਂ ਦਾ ਧਾਰਮਿਕ ਕੇਂਦਰ ਅੰਮ੍ਰਿਤਸਰ ਹੈ। ਜਿੱਥੋਂ ਉਹ ਅੰਮ੍ਰਿਤ ਪੀ ਕੇ, ਮਰੇ ਹੋਏ ਭੀ ਸੁਰਜੀਤ ਹੋ ਜਾਂਦੇ ਹਨ। ਉਹ ਘੋੜਿਆਂ 'ਤੇ ਬੈਠ ਕੇ ਰਾਤੋ-ਰਾਤ ਸੌ-ਸੌ ਮੀਲ ਪੰਧ ਕਰਦੇ ਹਨ ਤੇ ਸਾਗ-ਪਾਤ ਖਾ ਕੇ ਗੁਜ਼ਾਰਾ ਕਰਦੇ ਹਨ। ਇਹ ਸੁਣ ਕੇ ਅਬਦਾਲੀ ਦੰਗ ਰਹਿ ਗਿਆ।

ਇਨ੍ਹਾਂ ਸ਼ਬਦਾਂ ਦੀ ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਇੰਝ ਪੁਸ਼ਟੀ ਕਰਦੇ ਹਨ :-

**ਵਲੀ ਇਨ ਕਾ ਅਜਬ ਭਯੋ ਹੈ,**
**ਇਨਕੋ ਆਬ-ਏ-ਹਯਾਤ ਦਯੋ ਹੈ।**
**ਗ਼ਜ਼ਬ ਅਸਰ ਤਿਸਕਾ ਹਮ ਦੇਖਾ,**
**ਬੁਜ਼ਦਿਲ ਹੋਵਤ ਸਿੰਘ ਬਿਸੇਖਾ।**
**ਹਾੜ ਨ ਦਿਨ ਭਰ ਪੀਵਹਿ ਪਾਣੀ,**
**ਸਿਆਲ ਨ ਰਾਖਹਿ ਅਗਨ ਨੀਸਾਣੀ।**
**ਬੈਠਤ ਸੋਵਹਿ ਚਲਤੇ ਖਾਵਹਿ,**
**ਗ੍ਰਾਮ ਕਿਸੀ ਮੈਹਿ ਟਿਕਣ ਨਾ ਪਾਵਹਿ।**

ਇਹ ਸੁਣ ਕੇ ਅਬਦਾਲੀ ਨੇ ਗੁੱਸੇ 'ਚ ਲਾਲ-ਪੀਲਾ ਹੋ ਕੇ ਆਪਣੇ

ਪੁੱਤਰ, ਤੈਮੂਰ ਸ਼ਾਹ, ਨੂੰ ਹੁਕਮ ਕੀਤਾ ਕਿ ਐਸੀ ਖ਼ਤਰਨਾਕ ਕੌਮ ਨੂੰ ਖ਼ਤਮ ਕਰੋ, ਧਾਰਮਿਕ ਕੇਂਦਰ ਤਬਾਹ ਕਰ ਦਿਓ, ਅੰਮ੍ਰਿਤ ਸਰੋਵਰ ਮਿੱਟੀ ਪਾ ਕੇ ਪੂਰ ਦਿਓ, ਪਿੰਡਾਂ ਤੇ ਜੰਗਲਾਂ ਵਿਚ ਫਿਰ ਕੇ ਇਨ੍ਹਾਂ ਨੂੰ ਖ਼ਤਮ ਕੀਤਾ ਜਾਵੇ।

ਅਬਦਾਲੀ ਤਾਂ ਖੁੰਬ ਠਪਾ ਕੇ, ਖਾਲੀ ਹੱਥ ਕਾਬਲ ਜਾ ਪੁੱਜਾ। ਇੱਧਰ ਤੈਮੂਰ ਸ਼ਾਹ ਨੇ ਆਪਣੇ ਜਰਨੈਲ ਜਹਾਨ ਖਾਨ ਤੇ ਸਰ ਬੁਲੰਦ ਖਾਨ ਨੂੰ ਸਖ਼ਤ ਹੁਕਮ ਦਿੱਤਾ ਕਿ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿਓ। ਪਰੰਤੂ,

**ਜਿਸ ਦਾ ਸਾਹਿਬੁ ਡਾਢਾ ਹੋਇ॥**
**ਤਿਸ ਨੋ ਮਾਰਿ ਨ ਸਾਕੈ ਕੋਇ॥**......ਅੰਗ 842

14. **ਤੈਮੂਰ ਸ਼ਾਹ ਵਲੋਂ ਅੰਮ੍ਰਿਤ ਸਰੋਵਰ ਪੂਰਨਾ :-**

ਜਰਨੈਲ ਜਹਾਨ ਖ਼ਾਨ ਨੇ ਆਪਣੀਆਂ ਫੌਜਾਂ ਤੇ ਇਲਾਕੇ ਦੇ ਮੁਸਲਮਾਨ ਇਕੱਠੇ ਕਰਕੇ ਅੰਮ੍ਰਿਤ ਸਰੋਵਰ ਪੂਰ ਦਿੱਤਾ ਅਤੇ ਇਸ ਵਿਚ ਜੌਂ ਬੀਜ ਦਿੱਤੇ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿੱਤਰਤਾ ਨੂੰ ਭੰਗ ਕਰਕੇ ਮਨ-ਮਾਨੀਆਂ ਕਰਨ ਲੱਗਾ।

ਭਾਗ ਸਿੰਘ ਨਾਮੀ ਇਕ ਨਿਹੰਗ ਸਿੰਘ ਘੋੜੇ 'ਤੇ ਸਵਾਰ ਹੋ ਕੇ ਦਮਦਮਾ ਸਾਹਿਬ ਪੁੱਜਾ ਅਤੇ ਬਾਬਾ ਜੀ ਨੂੰ ਅਬਦਾਲੀ ਸਰਕਾਰ ਦੀਆਂ ਘੋਰ ਵਧੀਕੀਆਂ ਬਾਰੇ ਸਾਰਾ ਹਾਲ ਸੁਣਾਇਆ। ਬਾਬਾ ਜੀ ਉਸ ਸਮੇਂ ਗੁਰਬਾਣੀ ਲਿਖ ਰਹੇ ਸਨ।

15. **ਬਾਬਾ ਜੀ ਦੀ ਜਥੇ ਸਮੇਤ ਅੰਮ੍ਰਿਤਸਰ ਵੱਲ ਰਵਾਨਗੀ :-**

ਬਾਬਾ ਜੀ ਸੁਣਦਿਆਂ ਸਾਰ ਲਾਲ-ਪੀਲੇ ਹੋ ਗਏ। ਡੇਰੇ ਦੀ ਸੇਵਾ-ਸੰਭਾਲ ਭਾਈ ਮਸੱਦਾ ਸਿੰਘ ਨੂੰ ਸੌਂਪੀ, ਸਿੰਘਾਂ ਨੂੰ ਦਮਦਮਾ ਸਾਹਿਬ ਇਕੱਠੇ ਹੋਣ ਦੇ ਸੁਨੇਹੇ ਭੇਜੇ।

ਦਮਦਮਾ ਸਾਹਿਬ ਹੋਏ ਇਕੱਠ ਵਿਚ ਬਾਬਾ ਜੀ ਨੇ ਸਿੰਘਾਂ ਨੂੰ ਵੰਗਾਰਿਆ ਤੇ ਜਹਾਨ ਖਾਨ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਬਾਰੇ ਜਾਣੂ ਕਰਵਾਇਆ ਤੇ ਆਖਿਆ ਕਿ ਹੁਣ ਸ਼ਹੀਦੀਆਂ ਪਾ ਕੇ ਇਸ ਬੇਅਦਬੀ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਖ਼ਾਲਸੇ ਨੂੰ ਰੋਹ ਚੜ੍ਹ ਗਿਆ, ਬਾਬਾ ਜੀ ਨੇ ਆਪਣਾ ਕਮਰਕੱਸਾ ਤਿਆਰ ਕੀਤਾ ਅਤੇ ਨਗਾਰੇ 'ਤੇ ਚੋਟ ਵੱਜ ਗਈ ਤੇ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿੱਤੇ।

16. **ਤਰਨਤਾਰਨ ਪੁੱਜਣ 'ਤੇ ਜਥੇ ਦਾ ਵਿਸ਼ਾਲ ਰੂਪ :-**

ਬਾਬਾ ਦੀਪ ਸਿੰਘ ਜੀ ਨੇ ਗੁ. ਦਮਦਮਾ ਸਾਹਿਬ ਦੀ ਸਾਰੀ ਮਰਯਾਦਾ ਭਾਈ ਮਸੱਦਾ ਸਿੰਘ ਜੀ ਨੂੰ ਸੌਂਪੀ ਅਤੇ ਆਪ ਆਪਣਾ ਸ਼ਹੀਦੀ ਜਥਾ ਲੈ ਕੇ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਹੋਰ ਸਿੰਘ ਮਿਲਦੇ ਗਏ। ਗੁਰੂ ਕਾ ਚੌਂਤਰਾ, ਭੁੱਚੋ, ਲੱਖੀ ਜੰਗਲ ਆਦਿ ਤੋਂ ਹੁੰਦੇ ਹੋਏ ਫੀਰੋਜ਼ਪੁਰ ਦੇ ਪੱਤਣ ਤੋਂ ਦਰਿਆ ਪਾਰ ਕਰਕੇ ਕਸੂਰ ਪੁੱਜੇ। ਇੱਥੋਂ ਤਕ ਸਿੰਘਾ ਦੀ ਗਿਣਤੀ



ਪੰਜ ਹਜ਼ਾਰ ਹੋ ਗਈ ਸੀ । ਅੱਗੇ ਮਾਝੇ ਦੇ ਸੂਰਬੀਰ ਵੀ ਬਾਬਾ ਜੀ ਨਾਲ ਸ਼ਾਮਲ ਹੋ ਕੇ ਤਰਨਤਾਰਨ ਸਾਹਿਬ ਜਾ ਪੁੱਜੇ ਇੱਥੋਂ ਤਕ ਸਿੰਘਾ ਦੀ ਗਿਣਤੀ ਦਸ ਹਜ਼ਾਰ ਹੋ ਗਈ ਸੀ।

17. **ਯੁੱਧ ਵਿਚ ਕੁੱਦਣ ਤੋਂ ਪਹਿਲਾਂ ਬਾਬਾ ਜੀ ਦੀ ਅਰਦਾਸ :-**

ਇੱਥੇ ਬਾਬਾ ਜੀ ਨੇ ਪੰਚਮ ਪਾਤਸ਼ਾਹ ਦੇ ਦਰਬਾਰ ਸਾਹਮਣੇ ਹੱਥ ਜੋੜ ਕੇ ਅਰਦਾਸ ਕੀਤੀ: "ਹੇ ਸ਼ਹੀਦਾਂ ਦੇ ਸਿਰਤਾਜ ਮੈਂ ਪ੍ਰਣ ਕਰਦਾ ਹਾਂ ਕਿ ਜਿੰਨ੍ਹਾ ਚਿਰ ਅੰਮ੍ਰਿਤਸਰੋਂ ਜ਼ਾਲਮਾਂ ਦੇ ਝੰਡੇ ਪੁੱਟ ਨਹੀਂ ਦਿੰਦਾ ਓਦੋਂ ਤਕ ਜੀਉਂਦਾ ਰਹਾਂਗਾ। ਸ਼ਹੀਦ ਹੋਣ ਲਈ ਚੱਲਿਆ ਹਾਂ ਅਤੇ ਗੁਰੂ ਰਾਮ ਦਾਸ ਦੇ ਚਰਨਾਂ ਵਿਚ ਪਹੁੰਚ ਕੇ ਹੀ ਸ਼ਹੀਦ ਹੋਵਾਂਗਾ"। ਬਾਬਾ ਜੀ ਨੂੰ ਅਰਦਾਸ ਤੇ ਅਟਲ ਭਰੋਸਾ ਸੀ ।

18. **ਜ਼ੁਲਮ ਨਾਲ ਟੱਕਰ ਅਤੇ ਬਾਬਾ ਜੀ ਦੀ ਸ਼ਹਾਦਤ :-**

ਓਧਰ ਜਹਾਨ ਖ਼ਾਂ ਨੂੰ ਪਤਾ ਲੱਗਾ ਤਾਂ ਉਹ ਵੀ ਆਪਣੀ ਦਸ ਹਜ਼ਾਰ ਫ਼ੌਜ ਅਤੇ ਤੀਹ ਹਜ਼ਾਰ ਇਲਾਕੇ ਦੇ ਸਰਕਾਰ ਪੱਖੀ ਮੁਸਲਮਾਨ ਲੈ ਕੇ ਗੋਹਲਵੜ ਦੇ ਥੇਹ 'ਤੇ ਮੋਰਚਾ ਮੱਲ ਕੇ ਬੈਠ ਗਿਆ ।

11 ਨਵੰਬਰ 1757 ਈ. ਵਾਲੇ ਦਿਨ ਬਾਬਾ ਜੀ ਵੀ, ਸਿੰਘਾਂ ਤੋਂ ਧਰਮ ਯੁੱਧ ਵਿਚ ਜਾਨ ਵਾਰਨ ਦਾ ਪ੍ਰਣ ਲੈ ਕੇ, ਤਰਨਤਾਰਨ ਤੋਂ ਅੱਗੇ ਵਧੇ। ਸਿੰਘਾਂ ਦਾ ਖ਼ੂਨ ਉਬਾਲੇ ਖਾ ਰਿਹਾ ਸੀ। ਬਾਬਾ ਜੀ ਦੇ ਜਥੇ ਵਿਚ ਇਹ ਉੱਘੇ ਸੂਰਬੀਰ ਸਨ:-

i) ਬਾਬਾ ਨੌਧ ਸਿੰਘ
ii) ਬਾਬਾ ਗੁਰਬਖਸ਼ ਸਿੰਘ
iii) ਸ੍ਰ. ਦਿਆਲ ਸਿੰਘ
iv) ਸ੍ਰ. ਨੱਥਾ ਸਿੰਘ
v) ਸ੍ਰ. ਬਲਵੰਤ ਸਿੰਘ
vi) ਸ੍ਰ. ਹਰੀ ਸਿੰਘ
vii) ਸ੍ਰ. ਬਸੰਤ ਸਿੰਘ
viii) ਸ੍ਰ. ਅੱਘੜ ਸਿੰਘ
ix) ਸ੍ਰ. ਬਹਾਦਰ ਸਿੰਘ
x) ਸ੍ਰ. ਸੱਜਣ ਸਿੰਘ, ਆਦਿ

ਓਧਰ ਜਹਾਨ ਖਾਂ ਆਪਣੀ ਫ਼ੌਜ ਸਮੇਤ ਮੋਰਚੇ ਮੱਲੀ ਬੈਠਾ ਸੀ। ਸਿੰਘਾਂ ਨੇ ਜੈਕਾਰਾ ਛੱਡ ਕੇ ਜੋਰਦਾਰ ਹੱਲਾ ਬੋਲ ਦਿੱਤਾ। ਪਹਿਲੇ ਹੱਲੇ ਵਿਚ ਹੀ ਗਿਲਜਿਆਂ ਦੇ ਪੈਰ ਉੱਖੜ ਗਏ ਅਤੇ ਜਾਨਾਂ ਬਚਾ ਕੇ ਅੰਮ੍ਰਿਤਸਰ ਵੱਲ ਨੂੰ ਦੌੜਨ ਲੱਗੇ। ਖ਼ਾਲਸੇ ਨੇ ਪਿੱਛਾ ਕਰਕੇ ਵੈਰੀਆਂ ਦੇ ਖ਼ੂਬ ਆਹੂ ਲਾਹੇ। ਆਖਿਰ ਜਹਾਨ ਖਾਂ ਆਪ ਲਲਕਾਰਾ ਮਾਰ ਕੇ ਅੱਗੇ ਵਧਿਆ। ਉਹ ਹਾਥੀ 'ਤੇ ਸਵਾਰ ਸੀ। ਅੱਗੋਂ

ਸ੍ਰ. ਦਿਆਲ ਸਿੰਘ ਨੇ ਤੀਰ ਚਲਾਇਆ ਜੋ ਜਹਾਨ ਖਾਂ ਦੀ ਛਾਤੀ ’ਚ ਲੱਗਾ ਤੇ ਉਹ ਢਹਿ ਢੇਰੀ ਹੋ ਗਿਆ। ਜਹਾਨ ਖਾਂ ਵਾਂਗ ਹਾਥੀ ਵੀ ਸ਼ਰਾਬੀ ਸੀ ਜੋ ਆਪਣੀ ਹੀ ਫ਼ੌਜ ਨੂੰ ਮਿੱਧਦਾ ਪਿੱਛੇ ਵੱਲ ਨੂੰ ਦੌੜ ਗਿਆ। ਸ੍ਰ. ਦਿਆਲ ਸਿੰਘ ਨੇ ਗੋਲ੍ਹਵੜ ਵਾਲੇ ਥੇਹ ’ਤੇ ਕਬਜਾ ਕਰ ਲਿਆ। ਜਹਾਨ ਖ਼ਾਂ ਦੀ ਮੌਤ ਪਿੱਛੋਂ ਜਬਰਦਸਤ ਖ਼ਾਂ ਨੇ ਸ੍ਰ. ਦਿਆਲ ਸਿੰਘ ਦੇ ਜਥੇ ਨੂੰ ਘੇਰਾ ਪਾਉਣ ਦੀ ਵਿਉਂਤ ਬਣਾਈ। ਇੰਨੇ ਨੂੰ ਸ੍ਰ. ਬਲਵੰਤ ਸਿੰਘ ਨੇ ਜਬਰਦਸਤ ਖ਼ਾਂ ’ਤੇ ਵਾਰ ਕੀਤਾ ਤੇ ਪਾਰ ਬੁਲਾ ਦਿੱਤਾ। ਭਾਈ ਦੀ ਮੌਤ ’ਤੇ ਰੁਸਤਮ ਖਾਂ ਨੂੰ ਕ੍ਰੋਧ ਚੜ੍ਹਿਆ ਤੇ ਉਸਨੇ ਸ੍ਰ. ਬਲਵੰਤ ਸਿੰਘ ਨੂੰ ਸਾਹਮਣੇ ਆ ਕੇ ਲੜਨ ਲਈ ਵੰਗਾਰਿਆ। ਦੋਵੇਂ ਤਲਵਾਰਾਂ ਨਾਲ ਆਹਮਣੇ-ਸਾਹਮਣੀ ਲੜਾਈ ਲੜਨ ਲੱਗੇ। ਦੋਵਾਂ ਸੂਰਮਿਆਂ ਦੇ ਐਸੇ ਵਾਰ ਚੱਲੇ ਕਿ ਦੋਵੇਂ ਹੀ ਸ਼ਹੀਦ ਹੋ ਕੇ ਧਰਤੀ ’ਤੇ ਡਿਗ ਪਏ। ਅਬਦਾਲੀ ਦੀ ਫੌਜ ਵਿਚ ਹਲਚਲ ਮੱਚ ਗਈ ਤੇ ਉਹ ਪਿਛਾਂਹ ਵੱਲ ਨੂੰ ਦੌੜ ਗਈ। ਏਧਰ ਸਿੰਘਾਂ ਨੇ ਆਪਣੇ ਜਰਨੈਲ ਬਲਵੰਤ ਸਿੰਘ ਸ਼ਹੀਦ ਦਾ ਬਦਲਾ ਲੈਣ ਲਈ ਇਕ ਜੋਰਦਾਰ ਹੱਲਾ ਬੋਲ ਦਿਤਾ। ਵੈਰੀ ਅੱਗੇ-ਅੱਗੇ ਨੱਠ ਤੁਰਿਆ। ਲੜਾਈ ਦੇ ਮੈਦਾਨ ਵਿਚ ਲੋਥਾਂ ’ਤੇ ਲੋਥਾਂ ਚੜ੍ਹ ਗਈਆਂ ਅਤੇ ਮੈਦਾਨ ਖ਼ੂਨ-ਓ-ਖ਼ੂਨ ਹੋ ਗਿਆ।

ਏਧਰ ਬਾਬਾ ਦੀਪ ਸਿੰਘ ਜੀ ਨੇ, ਵੈਰੀਆਂ ਦਾ ਨਾਸ ਕਰਨ ਲਈ ਸਿੰਘਾਂ ਦੇ ਤਿੰਨ ਵੱਡੇ ਜਥੇ ਬਣਾ ਦਿੱਤੇ:-

ਸੱਜੇ ਪਾਸੇ ਜਥੇਦਾਰ ਬਾਬਾ ਗੁਰਬਖਸ਼ ਸਿੰਘ ਜੀ, ਵਿਚਕਾਰ ਜਥੇਦਾਰ *ਬਾਬਾ ਨੌਧ ਸਿੰਘ ਜੀ ਅਤੇ ਖੱਬੇ ਪਾਸੇ, ਜਿੱਧਰ ਵੈਰੀ ਦਾ ਬਹੁਤਾ ਜ਼ੋਰ ਸੀ, ਉਸ ਪਾਸੇ ਆਪਣਾ ਜਥਾ ਬਣਾ ਲਿਆ ਅਤੇ ਵੈਰੀ ’ਤੇ ਹੱਲਾ ਬੋਲ ਦਿਤਾ, ਲੋਥ ’ਤੇ ਲੋਥ ਚੜ੍ਹ ਗਈ ਅਤੇ ਖ਼ੂਨ ਦੀ ਨਦੀ ਵਹਿ ਤੁਰੀ।

ਇਸ ਹੱਲੇ ਵਿਚ ਬਾਬਾ ਨੌਧ ਸਿੰਘ ਜੀ, ਮੀਤ ਜਥੇਦਾਰ, ਚੱਬੇ ਪਿੰਡ ਦੇ ਪਾਸ ਸ਼ਹੀਦੀ ਪਾ ਗਏ। ਹਜਾਰਾਂ ਦੀ ਗਿਣਤੀ ਵਿਚ ਵੈਰੀਆਂ ਦੇ ਸੱਥਰ ਲਾਹ ਕੇ ਜਥੇਦਾਰ ਬੀਰ ਸਿੰਘ, ਦਿਆਲ ਸਿੰਘ, ਆਦਿ ਵੀ ਸ਼ਹੀਦੀ ਪਾ ਗਏ।

ਮਹਾਂਬਲੀ ਬਾਬਾ ਦੀਪ ਸਿੰਘ ਜੀ, ਹੱਥ ਵਿਚ 18 ਸੇਰ ਦਾ ਫੌਲਾਈ ਖੰਡਾ ਫੜ੍ਹ ਕੇ, ਵੈਰੀਆਂ ਦਾ ਘਾਣ ਕਰੀ ਜਾਂਦੇ ਸਨ। ਗਿਲਜਿਆਂ ਨੂੰ ਭਜਦਿਆਂ ਅਤੇ ਮਰਦਿਆਂ ਵੇਖ ਕੇ ਜਮਾਲ ਖਾਂ, ਅਮਾਨ ਖਾਂ ਲਲਕਾਰੇ ਮਾਰਦਾ ਸੀ ਕਿ ਭਜਦਿਆਂ ਨੂੰ ਕਾਬਲ ਬਹੁਤ ਦੂਰ ਹੈ, ਜੰਗ ਵਿਚ ਲੜਕੇ ਸ਼ਹੀਦ ਹੋਵੋਗੇ ਤਾਂ ਅੱਗੇ ਬਹਿਸ਼ਤਾਂ ਵਿਚ ਹੂਰਾਂ ਮਿਲਣਗੀਆਂ; ਜੇ ਡਰਦੇ ਭੱਜ ਗਏ ਤਾਂ ਗੀਦੀ ਅਖਵਾਓਗੇ।

ਬਾਬਾ ਦੀਪ ਸਿੰਘ ਜੀ ਵੀ ਅਥਾਹ ਜੋਸ਼ ਵਿਚ ਲੜ ਰਹੇ ਸਨ। ਉਨ੍ਹਾਂ ਗਲੇ ਵਿਚੋਂ ਇਕ ਚੱਕਰ ਲਾਹ ਕੇ ਐਸਾ ਜ਼ੋਰ ਨਾਲ ਚਲਾਇਆ ਕਿ ਜਮਾਲ ਖਾਂ ਦਾ ਘੋੜਾ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਜਮਾਲ ਖਾਂ ਘੋੜੇ ਤੋਂ ਡਿੱਗ ਗਿਆ। ਬਾਬਾ ਜੀ ਵੀ

* ਬਾਬਾ ਦੀਪ ਸਿੰਘ ਜੀ ਅਤੇ ਬਾਬਾ ਨੌਧ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਇਕੋ ਦਿਨ ਹੀ ਅੰਮ੍ਰਿਤਪਾਨ ਕੀਤਾ ਸੀ।



ਘੋੜੇ ਤੋਂ ਉੱਤਰ ਕੇ ਮੁਕਾਬਲੇ ਲਈ ਡੱਟ ਗਏ। ਇਧਰ ਜਮਾਲ ਖਾਂ ਵੀ ਖੂਬ ਲੜ ਰਿਹਾ ਸੀ। ਦੋਵਾਂ ਸੂਰਮਿਆਂ ਦੇ ਹੀ ਸਿਰ ਲੱਥ ਗਏ।

ਬਾਬਾ ਜੀ ਦਾ ਸੀਸ ਲੱਥਾ ਵੇਖਕੇ ਇਕ ਸਿੰਘ ਨੇ ਆਖਿਆ - “ਬਾਬਾ ਜੀ ਤੁਸੀਂ ਅਰਦਾਸ ਕੀਤੀ ਸੀ ਕਿ ਸੀਸ ਗੁਰੂ ਰਾਮਦਾਸ ਜੀ ਦੇ ਚਰਨਾਂ ’ਚ ਧਰਨਾ ਹੈ। ਇਹ ਕੀ ਭਾਣਾ ਵਰਤਾਇਆ ਜੇ? ਅਜੇ ਸੁਧਾਸਰ ਏਥੋਂ ਤਿੰਨ ਮੀਲ ਦੂਰ ਹੈ”। ਲੱਥੇ ਹੋਏ ਸੀਸ ਵਿਚੋਂ ਆਵਾਜ਼ ਆਈ ਕਿ ਸਿੰਘ ਦਾ ਪ੍ਰਣ ਤੋੜ ਨਿਭੇਗਾ। ਧੜ ਹਿਲਿਆ, ਖੰਡਾ ਅੱਗੇ ਹੀ ਹੱਥ ਵਿਚ ਸੀ। ਅਨੋਖੇ ਹੀ ਜੀਵਨ ਵਿਚ ਬਾਬਾ ਜੀ ਖੜੇ ਹੋ ਗਏ। ਸੀਸ ਖੱਬੀ ਤਲੀ ’ਤੇ ਰੱਖ ਲਿਆ। ਸੱਜੇ ਹੱਥ ਵਿਚ ਖੰਡੇ ਨਾਲ ਐਸੀ ਵਾਢੀ ਪਾਈ ਕਿ ਗਿਲਜੇ ਤੋਬਾ-ਤੋਬਾ ਕਰਦੇ ਮੈਦਾਨ ਛੱਡ ਕੇ ਭੱਜ ਤੁਰੇ। ਬਿਨਾਂ ਸੀਸ ਤੋਂ ਧੜ ਲੜਦਾ ਵੇਖ ਕੇ ਚਾਰੇ ਪਾਸੇ ਹਫੜਾ-ਦਫੜੀ ਪੈ ਗਈ। ਗਿਲਜੇ ਬਹੁਤ ਸਾਰੇ ਮਾਰੇ ਗਏ ਅਤੇ ਬਾਕੀ ਲਾਹੌਰ ਨੂੰ ਭੱਜ ਤੁਰੇ।

ਬਾਬਾ ਜੀ ਨੇ ਸੀਸ ਤਲੀ ’ਤੇ ਰੱਖ ਕੇ ਰਾਮਸਰ ਤੋਂ ਅੱਗੇ ਲੰਘ ਸੁਧਾਸਰ ਦੀਆਂ ਪ੍ਰਕਰਮਾਂ ਵਿਚ ਸਤਿਗੁਰੂ ਰਾਮਦਾਸ ਜੀ ਦੀ ਹਜੂਰੀ ਵਿਚ ਸੀਸ ਭੇਟਾ ਰੱਖੀ। ਇਸ ਜਗ੍ਹਾ ਤੇ ਗੁ. ਸ਼ਹੀਦ ਬੁੰਗਾ ਵਿਦਮਾਨ ਹੈ। ਬਾਬਾ ਜੀ ਦੀ ਸ਼ਹੀਦੀ ਪਿੱਛੋਂ ਇਸ ਅਸਥਾਨ ’ਤੇ ਇਕੱਠ ਹੋਇਆ ਅਤੇ ਬਾਬਾ ਜੀ ਦੇ ਮੀਤ ਜਥੇਦਾਰ, ਸੁੱਧਾ ਸਿੰਘ ਨੂੰ ਦਸਤਾਰ ਬੰਦੀ ਕੀਤੀ ਗਈ।

ਬਾਬਾ ਨੌਧ ਸਿੰਘ ਦਾ ਸ਼ਹੀਦੀ ਅਸਥਾਨ ਤਰਨਤਾਰਨ ਨੂੰ ਜਾਣ ਵਾਲੀ ਸੜਕ ਉੱਤੇ ਹੈ ਅਤੇ ਭਾਈ ਵੀਰ ਸਿੰਘ ਅਤੇ ਹਰੀ ਸਿੰਘ ਦਾ ਸੰਗ੍ਰਾਣਾ ਸਾਹਿਬ ਦੇ ਪਾਸ ਹੈ। ਸ੍ਰ. ਅੱਘੜ ਸਿੰਘ, ਰਣ ਸਿੰਘ, ਸੱਜਣ ਸਿੰਘ, ਬਹਾਦਰ ਸਿੰਘ, ਨੱਥਾ ਸਿੰਘ, ਦਿਆਲ ਸਿੰਘ, ਭਾਗ ਸਿੰਘ, ਤਾਰਾ ਸਿੰਘ, ਬਾਲ ਸਿੰਘ, ਆਦਿ ਸਿੰਘਾਂ ਨੇ ਸੂਰਬੀਰਤਾ ਵਿਖਾ ਕੇ ਸ਼ਹੀਦੀ ਪਾਈ। ਇਨ੍ਹਾਂ ਦਾ ਸ਼ਹੀਦ ਗੰਜ ਗੁ. ਮੰਜੀ ਸਾਹਿਬ ਦੇ ਪਾਸ ਹੈ। ਸ੍ਰ. ਬਸੰਤ ਸਿੰਘ ਤੇ ਮੰਨਾ ਸਿੰਘ ਦਾ ਸ਼ਹੀਦੀ ਅਸਥਾਨ ਚੌਕ ਪ੍ਰਾਗਦਾਸ ਦੇ ਪਾਸ ਹੈ।

ਬਾਬਾ ਦੀਪ ਸਿੰਘ ਜੀ ਦਾ ਜਿਸ ਥਾਂ ’ਤੇ ਸੀਸ ਲੱਥਾ ਸੀ, ਉਹ ਥਾਂ ਅੰਮ੍ਰਿਤਸਰ ਤੋਂ ਤਰਨਤਾਰਨ ਜਾਂਦਿਆ ਸੜਕ ਤੋਂ ਸੱਜੇ ਪਾਸੇ ਹੈ। ਜਿਥੇ ਇਕ ਵੱਡੇ ਆਕਾਰ ਦੀ ਟਾਹਲੀ ਹੇਠ ਚਾਰ ਫੁੱਟ ਉੱਚੀ ਬੁਰਜੀ ਹੁੰਦੀ ਸੀ। ਹੁਣ ਉਸ ਅਸਥਾਨ ’ਤੇ, ਨਿਹੰਗ ਸਿੰਘਾਂ ਦਾ ਪਹਿਰਾ ਹੈ ਅਤੇ ਗੁ. ਟਾਹਲਾ ਸਾਹਿਬ ਸੁੰਦਰ ਰੂਪ ਵਿਚ, ਸੰਗਤਾਂ ਦੇ ਉੱਦਮ ਨਾਲ, ਬਣ ਕੇ ਤਿਆਰ ਹੋ ਗਿਆ ਹੈ।

ਬਾਬਾ ਜੀ ਦੇ ਸਰੀਰ ਦਾ ਅੰਤਮ ਸਸਕਾਰ, ਰਾਮਗੜ੍ਹੀਆ ਮਿਸਲ ਦੇ ਸਰਦਾਰਾਂ ਦੀਆਂ ਸਮਾਧਾਂ ਵਿਚ ਕੀਤਾ ਗਿਆ। ਜਿਥੇ ਹੁਣ ‘ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ ਜੀ ਸ਼ਹੀਦ’ ਸਥਿਤ ਹੈ।

ਇਸ ਗੁਰਦੁਆਰਾ ਸਾਹਿਬ ਵਿਚ ਮੈਨੇਜਰ, ਸ੍ਰੀ ਦਰਬਾਰ ਸਾਹਿਬ ਵੱਲੋਂ ਇਕ ਬੋਰਡ ਵੀ ਲੱਗਾ ਹੋਇਆ ਹੈ ਜੋ ਇਸ ਪ੍ਰਕਾਰ ਹੈ:-

## ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ

(ਸੰਖੇਪ ਇਤਿਹਾਸ)

ਬਾਬਾ ਦੀਪ ਸਿੰਘ ਜੀ ਬਾਰ੍ਹਾਂ ਮਿਸਲਾਂ ਵਿਚੋਂ ਸੁਪ੍ਰਸਿੱਧ ਸ਼ਹੀਦਾਂ ਦੀ ਮਿਸਲ ਦੇ ਮੁਖੀਏ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖਣ ਦੀ ਸੇਵਾ ਅਤੇ ਅਠਾਰਵੀਂ ਸਦੀ ਦੀਆਂ ਵਿਸ਼ੇਸ਼ ਜੰਗਾਂ ਵਿਚ ਅਹਿਮ ਹਿੱਸਾ ਲਿਆ।

1757 ਈ. ਨੂੰ ਤੈਮੂਰ ਸ਼ਾਹ ਅਤੇ ਜਹਾਨ ਖ਼ਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਬਾਬਾ ਜੀ ਨੂੰ ਜਦ ਦਮਦਮਾ ਸਾਹਿਬ ਵਿਖੇ ਪੁੱਜੀ ਤਾਂ ਉਸ ਸਮੇਂ ਬਜ਼ੁਰਗ ਅਵਸਥਾ ਵਿੱਚ ਵੀ 18 ਸੇਰ ਦਾ ਖੰਡਾ ਹੱਥ ਪਕੜ, ਸ੍ਰੀ ਦਰਬਾਰ ਸਾਹਿਬ ਜੀ ਨੂੰ ਆਜ਼ਾਦ ਕਰਾਉਣ ਅਤੇ ਜ਼ਾਲਮਾਂ ਨੂੰ ਸਬਕ ਸਿਖਾਉਣ ਲਈ ਪ੍ਰਤਿਗਿਆ ਕਰਕੇ ਸ੍ਰੀ ਅੰਮ੍ਰਿਤਸਰ ਵੱਲ ਚੱਲ ਪਏ।

ਅੱਗੋਂ ਜਹਾਨ ਖ਼ਾਨ ਇਹ ਖਬਰ ਸੁਣ ਕੇ ਸ਼ਹਿਰ ਦੇ ਬਾਹਰ ਗੋਹਲਵੜ ਪਿੰਡ ਦੇ ਪਾਸ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜਾਂ ਦੇ ਨਾਲ ਮੋਰਚੇ ਸੰਭਾਲੀ ਬੈਠਾ ਸੀ। ਆਹਮੋ-ਸਾਮ੍ਹਣੇ ਘਮਸਾਨ ਦਾ ਯੁੱਧ ਹੋਇਆ। ਬਾਬਾ ਜੀ ਸ਼ਹਿਰ ਤੋਂ ਅਜੇ ਹਟਵੇਂ ਹੀ ਸਨ ਕਿ ਜਮਾਲ ਖ਼ਾਨ ਨਾਲ ਆਹਮੋ-ਸਾਮ੍ਹਣੇ ਹੋ ਰਹੀ ਹੱਥੋ-ਹੱਥੀ ਲੜਾਈ ਵਿਚ ਦੋਹਾਂ ਦੇ ਸਿਰ ਕੱਟ ਗਏ। ਮੌਤ ਖਿਲਖਿਲਾ ਕੇ ਹੱਸ ਪਈ। ਪਾਸ ਖੜੇ ਇਕ ਸਿੰਘ ਨੇ ਬਾਬਾ ਜੀ ਨੂੰ ਕੀਤਾ ਪ੍ਰਣ ਯਾਦ ਕਰਾਇਆ ਤਾਂ ਐਸਾ ਕ੍ਰਿਸ਼ਮਾ ਵਾਪਰਿਆ ਕਿ ਦੁਨੀਆਂ ਦੇ ਇਤਿਹਾਸ ਵਿਚੋਂ ਕੋਈ ਹੋਰ ਅਜਿਹੀ ਮਿਸਾਲ ਨਹੀਂ ਮਿਲਦੀ। ਬਾਬਾ ਜੀ ਨੇ ਆਪਣਾ ਸੀਸ ਖੱਬੀ ਤਲੀ ਉੱਪਰ ਟਿਕਾਅ ਕੇ ਸੱਜੇ ਹੱਥ ਨਾਲ ਐਸਾ ਖੰਡਾ ਚਲਾਇਆ ਕਿ ਦੁਸ਼ਮਣ ਦੀਆਂ ਸਫ਼ਾਂ ਵਿੱਚ ਭਾਜੜਾਂ ਪੈ ਗਈਆਂ। ਇਸ ਤਰ੍ਹਾਂ ਘਮਸਾਨ ਦਾ ਯੁੱਧ ਕਰਦਿਆਂ ਬਾਬਾ ਜੀ ਸ੍ਰੀ ਅੰਮ੍ਰਿਤਸਰ ਪਹੁੰਚੇ ਅਤੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤਾ।

ਇਸ ਅਸਥਾਨ 'ਤੇ ਬਾਬਾ ਦੀਪ ਸਿੰਘ ਜੀ ਦਾ ਸਸਕਾਰ ਕੀਤਾ ਗਿਆ। ਇਹ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦੀ ਅਦੁੱਤੀ ਸ਼ਹੀਦੀ ਦੀ ਯਾਦ ਨੂੰ ਤਾਜ਼ਾ ਕਰਵਾਉਂਦਾ ਹੈ ਅਤੇ ਗੁਰਧਾਮਾਂ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਪ੍ਰੇਰਣਾ ਸਰੋਤ ਹੈ।

-ਮੈਨੇਜਰ ਸ੍ਰੀ ਦਰਬਾਰ ਸਾਹਿਬ

19. **ਸ਼ਹੀਦ ਦੀ ਪਰਿਭਾਸ਼ਾ :-**

**ਸ਼ਹੀਦ ਬਾਰੇ ਸੁਕਰਾਤ ਲਿਖਦਾ ਹੈ:-**

i) ਸ਼ਹੀਦ ਦੀ ਆਤਮਾ ਮੌਤ ਦਾ ਸਤਿਕਾਰ ਕਰਦੀ ਹੈ।
ii) ਸ਼ਹੀਦ ਸਾਹਮਣੇ ਮੌਤ ਕੰਬਦੀ ਹੈ, ਤੇ ਜ਼ਾਲਮ ਸਹਿਮ ਜਾਂਦੇ ਹਨ ।
iii) ਸ਼ਹੀਦ ਦੀ ਮਿੱਟੀ ਵੀ ਉਸਦੇ ਗੀਤ ਗਾਉਂਦੀ ਹੈ ਅਤੇ
iv) ਸ਼ਹੀਦ ਦੀ ਮੌਤ ਉਸਦੀ ਕੌਮ ਲਈ ਆਜ਼ਾਦੀ ਦਾ ਸੰਦੇਸ਼ ਦਿੰਦੀ ਹੈ।

ਡਾ. ਸਰ ਮੁਹੰਮਦ ਇਕਬਾਲ ਲਿਖਦੇ ਹਨ:-



ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।
ਹਯਾਤ ਤੋ ਹਯਾਤ ਹੈ, ਵੋਹ ਮੌਤ ਭੀ ਹਯਾਤ ਹੈ।

20. **ਬਾਬਾ ਜੀ ਦੇ ਬਾਰੇ ਵਿਸ਼ੇਸ਼ ਕਥਨ :-**

ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਕੋਈ ਕਰਾਮਾਤ ਨਹੀਂ ਵਿਖਾਈ। ਲਗਭਗ 18 ਸਾਲ ਦੀ ਉਮਰ ਵਿਚ ਅਨੰਦਪੁਰ ਸਾਹਿਬ ਜਾਣਾ, ਅੰਮ੍ਰਿਤ-ਪਾਨ ਕਰਨਾ, ਆਪਣੇ ਨੇਕ ਆਚਰਨ, ਸਾਧੂ-ਸੁਭਾਅ ਅਤੇ ਸੁਨੱਖੇ, ਸਡੌਲ ਤੇ ਫੁਰਤੀਲੇ ਨੌਜਵਾਨ ਹੋਣ ਕਾਰਨ, ਦਸਮੇਸ਼ ਪਿਤਾ ਦੀ ਨਿਗਾਹ ਚੜ੍ਹ ਜਾਣਾ ਹੀ ਇਕ ਕਿਸਮ ਦੀ ਕਰਾਮਾਤ ਸੀ। ਗੁਰੂ ਸਾਹਿਬ ਨੇ ਹੀ ਉਨ੍ਹਾਂ ਨੂੰ ਸ਼ਾਸਤਰ ਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਕਰਨ ਦੇ ਯੋਗ ਪ੍ਰਬੰਧ ਕੀਤੇ ਸਨ; ਇਥੋਂ ਤਕ ਕਿ ਉਨ੍ਹਾਂ ਨੂੰ ਅਰਬੀ, ਫ਼ਾਰਸੀ ਵਿਚ ਵੀ ਉੱਚੀ ਵਿੱਦਿਆ ਦਿਵਾਈ ਸੀ।

ਉਨ੍ਹਾਂ ਸਾਰੀ ਜ਼ਿੰਦਗੀ ਜ਼ੁਲਮ, ਜ਼ਬਰਦਸਤੀ ਅਤੇ ਬੇ-ਇਨਸਾਫੀ ਦੇ ਖਿਲਾਫ ਲੋਹਾ ਲਿਆ ਅਤੇ ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਸਿਰ-ਧੜ ਦੀ ਬਾਜ਼ੀ ਲਾਈ। ਉਨ੍ਹਾਂ ਦੇ ਅੰਦਰ ਆਤਮ-ਵਿਸ਼ਵਾਸ ਅਤੇ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

ਆਪ ਜੀ ਉੱਤੇ ਅਕਾਲ ਪੁਰਖ ਦੀ ਇੰਨੀ ਕਿਰਪਾ ਸੀ ਕਿ ਜਿੰਨ੍ਹਾਂ ਹੱਥਾਂ ਨਾਲ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ ਅਤੇ ਇਕ ਬੀੜ ਅਰਬੀ ਭਾਸ਼ਾ ਵਿਚ ਵੀ ਤਿਆਰ ਕੀਤੀ, ਉੱਥੇ ਹੀ, ਲੋੜ ਪੈਣ 'ਤੇ, ਆਪ ਜੀ ਨੇ ਉਨ੍ਹਾਂ ਹੀ ਹੱਥਾਂ ਨਾਲ, 75 ਸਾਲ ਦੇ ਬਜ਼ੁਰਗ ਹੁੰਦਿਆਂ ਹੋਇਆਂ ਵੀ, 18 ਸੇਰ ਦਾ ਖੰਡਾ ਫੜ ਕੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਨਾ ਸਹਾਰਦੇ ਹੋਏ ਜ਼ਾਲਮਾਂ ਨਾਲ ਲੋਹਾ ਲਿਆ। ਇਸ ਲੜਾਈ ਵਿਚ ਉਨ੍ਹਾਂ ਐਸੀ ਸ਼ਹੀਦੀ ਪਾਈ ਅਤੇ ਆਪਣਾ ਕੀਤਾ ਪ੍ਰਣ ਨਿਭਾਇਆ, ਜਿਸ ਦੀ ਅਜੇ ਤਕ ਪੂਰੀ ਦੁਨੀਆਂ ਵਿਚ ਕੋਈ ਮਿਸਾਲ ਨਹੀਂ ਮਿਲ ਸਕੀ। ਆਪ ਜੀ ਅਲੌਕਿਕ ਜਤਿ-ਸਤਿ ਦੇ ਧਾਰਨੀ ਸਨ। ਡਾ. ਮੁਹੰਮਦ ਇਕਬਾਲ ਤਾਂ ਹਰ ਸਾਲ ਮੇਲਾ ਲੱਗਣ ਦੀ ਗੱਲ ਕਰਦੇ ਹਨ,

**"ਸ਼ਹੀਦੋਂ ਕੀ ਚਿਤਾਓਂ ਪਰ ਲਗੇਗੇਂ ਹਰ ਬਰਸ ਮੇਲੇ,**
**ਵਤਨ ਪੇ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ"।**

ਪਰੰਤੂ, ਬਾਬਾ ਦੀਪ ਸਿੰਘ ਜੀ ਦੀ ਯਾਦ ਵਿਚ ਬਣੇ 'ਗੁ. ਬਾਬਾ ਦੀਪ ਸਿੰਘ ਜੀ ਸ਼ਹੀਦ' ਵਿਖੇ ਤਾਂ ਰੋਜ਼ ਹੀ ਮੇਲਾ ਲੱਗਾ ਰਹਿੰਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ ਅਤੇ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦੇ ਹਨ।

ਉਨ੍ਹਾਂ ਦੀ ਯਾਦ ਵਿਚ ਇਕ ਹੋਰ ਆਲੀਸ਼ਾਨ ਬਣੇ 'ਗੁ. ਟਾਹਲਾ ਸਾਹਿਬ' ਵਿਖੇ ਵੀ ਸ਼ਰਧਾਲੂਆਂ ਦਾ ਆਉਣਾ-ਜਾਣਾ ਰੋਜ਼ ਹੀ ਬਣਿਆ ਰਹਿੰਦਾ ਹੈ।

ਇਹ ਬਾਬਾ ਦੀਪ ਸਿੰਘ ਜੀ ਦੀ 75 ਸਾਲ ਦੀ ਉਮਰ ਤਕ ਕੀਤੀ ਘਾਲ ਕਮਾਈ ਦਾ ਹੀ ਸਿੱਟਾ ਹੈ।

ੴ ਸਤਿਗੁਰ ਪ੍ਰਸਾਦਿ ॥

## 21. ਸਿੱਖ ਧਰਮ ਬਾਰੇ ਮਹੱਤਵਪੂਰਨ ਜਾਣਕਾਰੀ :-

### ੳ) ਮੂਲ ਮੰਤਰ

ਵਾਹਿਗੁਰੂ, ਪਰਮਾਤਮਾ, ਖ਼ੁਦਾ ਬਾਰੇ ਚਿੱਤਰ ਗੁਰੂ ਜੀ ਨੇ ਮੂਲ ਮੰਤਰ ਵਿਚ ਚਿਤ੍ਰਿਆ ਹੈ । ਦੂਸਰੇ ਸ਼ਬਦਾਂ ਵਿਚ ਮੂਲ ਮੰਤਰ ਵਾਹਿਗੁਰੂ ਦੀ ਸੰਖੇਪ, ਪਰੰਤੂ, ਮੁਕੰਮਲ ਵਿਆਖਿਆ ਹੈ :-

| | |
|---|---|
| ੴ | ਵਾਹਿਗੁਰੂ ਇਕ ਹੈ, ਸਭ ਉਸਦਾ ਹੀ ਪਸਾਰਾ ਹੈ । |
| ਸਤਿਨਾਮੁ | ਉਹ ਸਦਾ ਰਹਿਣ ਵਾਲਾ ਹੈ ਅਤੇ ਸਭ ਗੁਣਾ ਦਾ ਸਮੂੰਹ ਹੈ। |
| ਕਰਤਾ ਪੁਰਖੁ | ਉਹ ਸਿਰਜਨਹਾਰ ਹੈ ਅਤੇ ਸਭ ਸ਼ਕਤੀਆਂ ਦਾ ਪ੍ਰਤੀਕ ਹੈ। |
| ਨਿਰਭਉ | ਉਹ ਭਉ ਅਤੇ ਹਰ ਮਰਯਾਦਾ ਤੋਂ ਆਜ਼ਾਦ ਹੈ । |
| ਨਿਰਵੈਰੁ | ਉਹ ਕਿਸੇ ਨਾਲ ਵੈਰ ਨਹੀਂ ਰੱਖਦਾ, ਮਿਹਰਬਾਨ ਹੈ । |
| ਅਕਾਲ ਮੂਰਤਿ | ਉਹ ਸਮੇਂ ਦੀ ਬੰਦਸ਼ ਵਿਚ ਨਹੀਂ (ਕਾਲ ਰਹਿਤ) ਹੈ, ਉਸਦੀ ਜੋਤ ਦਾ ਪ੍ਰਕਾਸ਼ ਹਰ ਕਿਸੇ ਵਿਚ ਹੈ । |
| ਅਜੂਨੀ | ਉਹ ਜਨਮ-ਮਰਨ ਤੋਂ ਰਹਿਤ ਹੈ । |
| ਸੈਭੰ | ਉਸਦਾ ਪ੍ਰਕਾਸ਼ ਆਪਣੇ ਆਪ, ਸੁਤੇ-ਸਿੱਧ ਹੈ । |
| ਗੁਰ ਪ੍ਰਸਾਦਿ ॥ | ਉਸਦੀ ਸੋਝੀ ਤੇ ਪ੍ਰਾਪਤੀ ਗੁਰੂ ਦੀ ਮਿਹਰ ਸਦਕਾ ਹੀ ਹੁੰਦੀ ਹੈ। |

### ਅ) ਨਿਤਨੇਮ ਦੀਆਂ ਬਾਣੀਆਂ

ਸਵੇਰੇ

1. ਜਪੁਜੀ ਸਾਹਿਬ
2. ਜਾਪੁ ਸਾਹਿਬ
3. ਸਵੱਯੇ ਸਾਹਿਬ
4. ਚੌਪਈ ਸਾਹਿਬ
5. ਅਨੰਦੁ ਸਾਹਿਬ

ਸ਼ਾਮ

1. ਰਹਿਰਾਸ

ਰਾਤ

1. ਕੀਰਤਨ ਸੋਹਿਲਾ

**ਨੋਟ:-**

1. ਕੁਛ ਲੋਕ 'ਅਸਾ ਦੀ ਵਾਰ' ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।
2. ਕੁਛ ਲੋਕ 'ਸੁਖਮਨੀ ਸਾਹਿਬ' ਦਾ ਪਾਠ ਵੀ ਨੇਮ ਨਾਲ ਰੋਜ ਕਰਦੇ ਹਨ।



### ੲ) ਪੰਜ ਪਿਆਰੇ

1. ਭਾਈ ਦੈਯਾ ਸਿੰਘ – ਇਹ ਦੈਯਾ ਰਾਮ ਲਾਹੌਰ (ਪੰਜਾਬ) ਦੇ ਰਹਿਣ ਵਾਲੇ ਖਤਰੀ ਸਨ ।
2. ਭਾਈ ਧਰਮ ਸਿੰਘ – ਇਹ ਧਰਮ ਦਾਸ ਹਸਤਨਾਪੁਰ (ਦਿੱਲੀ) ਦੇ ਰਹਿਣ ਵਾਲੇ ਜੱਟ ਸਨ ।
3. ਭਾਈ ਹਿੰਮਤ ਸਿੰਘ – ਇਹ ਹਿੰਮਤ ਰਾਏ ਜਗਨ ਨਾਥ ਪੁਰੀ (ਉਡੀਸ਼ਾ) ਦੇ ਰਹਿਣ ਵਾਲੇ ਝੀਊਰ ਸਨ।
4. ਭਾਈ ਮੋਹਕਮ ਸਿੰਘ – ਇਹ ਮੋਹਕਮ ਚੰਦ ਦਵਾਰਕਾ (ਗੁਜਰਾਤ) ਦੇ ਰਹਿਣ ਵਾਲੇ ਛੀਂਬਾ ਸਨ ।
5. ਭਾਈ ਸਾਹਿਬ ਸਿੰਘ – ਇਹ ਸਾਹਿਬ ਚੰਦ ਬਿਦਰ (ਕਰਨਾਟਕਾ) ਦੇ ਰਹਿਣ ਵਾਲੇ ਨਾਈ ਸਨ ।

ਇਨ੍ਹਾਂ ਦੀ ਚੋਣ ਅਤੇ ਇਨ੍ਹਾਂ ਦੁਆਰਾ ਅੰਮ੍ਰਿਤ-ਪਾਨ ਕਰਨ ਨਾਲ ਇਕ ਨਵੇਂ ਪੰਥ—ਖਾਲਸਾ ਪੰਥ (ਸੰਤ ਸਿਪਾਹੀਆਂ ਦੀ ਕੌਮ) ਦੀ ਸਿਰਜਨਾ ਹੋਈ ।

### ਸ) ਚਾਰ ਸਾਹਿਬਜ਼ਾਦੇ

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਪੁੱਤਰ)

1. ਸਾਹਿਬਜ਼ਾਦਾ ਅਜੀਤ ਸਿੰਘ
2. ਸਾਹਿਬਜ਼ਾਦਾ ਜੁਝਾਰ ਸਿੰਘ

ਇਨ੍ਹਾਂ ਦੋਵਾਂ ਨੇ ਗੁਰੂ-ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੀਆਂ ਅੱਖਾਂ ਦੇ ਸਾਮ੍ਹਣੇ, ਪੰਜ ਪਿਆਰਿਆਂ ਤੋਂ ਪਹਿਲਾਂ, ਚਮਕੌਰ ਦੇ ਯੁੱਧ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ ।

3. ਸਾਹਿਬਜ਼ਾਦਾ ਜੋਰਾਵਰ ਸਿੰਘ
4. ਸਾਹਿਬਜ਼ਾਦਾ ਫਤਹਿ ਸਿੰਘ

ਇਨ੍ਹਾਂ ਦੋਵਾਂ ਨੇ ਸਰਹਿੰਦ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ । ਇਹ ਮੁਸ਼ਕਲ ਨਾਲ 9 ਅਤੇ 6 ਸਾਲਾਂ ਦੇ ਸਨ ਜਦੋਂ ਵਜ਼ੀਰ ਖਾਂ, ਸੂਬਾ ਸਰਹਿੰਦ, ਦੇ ਹੁਕਮਾਂ ਨਾਲ ਇਨ੍ਹਾਂ ਨੂੰ ਪਹਿਲਾਂ ਕੰਧ ਵਿਚ ਚਿਣਿਆ ਗਿਆ ਅਤੇ ਬਾਅਦ ਵਿਚ ਕੋਹ ਕੇ ਸ਼ਹੀਦ ਕੀਤਾ ਗਿਆ ।

### ਹ) ਪੰਜ ਤਖ਼ਤ ਸਾਹਿਬਾਨ

1. ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਪੰਜਾਬ
2. ਤਖ਼ਤ ਪਟਨਾ ਸਾਹਿਬ, ਪਟਨਾ, ਬਿਹਾਰ
3. ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਪੰਜਾਬ
4. ਤਖ਼ਤ ਹਜ਼ੂਰ ਸਾਹਿਬ, ਅਬਚਲ ਨਗਰ, ਮਹਾਂਰਾਸ਼ਟਰਾ
5. ਤਖ਼ਤ ਦਮਦਮਾ ਸਾਹਿਬ, ਤਲਵੰਡੀ ਸਾਬੋ, ਪੰਜਾਬ

### ਕ) ਪੰਜ ਕਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਨ ਸਮੇਂ, ਅੰਮ੍ਰਿਤ ਪਾਨ ਕਰਾਉਣ ਉਪ੍ਰੰਤ, ਰਹਿਤ-ਮਰਯਾਦਾ ਵਿਚ ਪੰਜ ਕਕਾਰ ਦੀ ਰਹਿਤ ਵੀ ਦੱਸੀ :-

1. ਕਛਹਿਰਾ - ਸਦਾਚਾਰ ਅਤੇ ਧਾਰਮਿਕ ਸੁਤੰਤਰਤਾ ਦਾ ਚਿੰਨ੍ਹ ਹੈ।

2. ਕੜਾ - ਕੜਾ ਉੱਚੇ ਆਦਰਸ਼ਾਂ ਅਤੇ ਦ੍ਰਿੜ੍ਹਤਾ ਦਾ ਚਿੰਨ੍ਹ ਹੈ।

3. ਕਿਰਪਾਨ - ਸਿੱਖ ਦੇ ਹੱਥ ਵਿਚ ਤਲਵਾਰ ਹੀ ਕਿਰਪਾਨ ਬਣ ਜਾਂਦੀ ਹੈ। ਗਊ, ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਵਾਸਤੇ ਵਰਤੀ ਜਾਂਦੀ ਹੈ। ਇਹ ਸਵੈਮਾਨ ਅਤੇ ਰਾਜਸੀ ਸੁਤੰਤਰਤਾ ਦਾ ਚਿੰਨ੍ਹ ਹੈ ਅਤੇ ਹੱਕ-ਇਨਸਾਫ ਦੀ ਰਾਖੀ ਹੈ।

4. ਕੰਘਾ - ਕੰਘਾ ਸੁੱਚਮ ਅਤੇ ਸੁਚੱਜ ਦਾ ਚਿੰਨ੍ਹ ਹੈ। ਵਾਲਾਂ ਦੀ ਸਾਂਭ-ਸੰਭਾਲ ਕਰਦਾ ਹੈ।

5. ਕੇਸ - ਗੁਰੂ ਨਾਨਕ ਦੇਵ ਜੀ ਤੋਂ ਹੀ ਕੇਸ ਰੱਖਣ ਦੀ ਮਹੱਤਤਾ ਚਲੀ ਆ ਰਹੀ ਹੈ। ਉਨ੍ਹਾਂ ਵਲੋਂ ਭਾਈ ਮਰਦਾਨਾ ਜੀ ਨੂੰ ਦਿੱਤੀਆਂ ਸਿੱਖਿਆਵਾਂ ਵਿਚੋਂ ਇਕ ਸਿੱਖਿਆ ਇਹ ਵੀ ਸੀ ਕਿ ਸਿਰ ਦੇ ਕੇਸ ਨਹੀਂ ਕਟਾਣੇ। ਕੇਸਾਂ ਨੂੰ ਖ਼ੂਬਸੂਰਤੀ ਦਾ ਇਕ ਜ਼ਰੂਰੀ ਅੰਗ ਵੀ ਸਮਝਿਆ ਜਾਂਦਾ ਹੈ। ਘਰ ਬਾਰ ਛੱਡਣ ਸਮੇਂ ਸਿਰ, ਮੂੰਹ ਮੁੰਡਾਉਣ ਦੀ ਪੁਰਾਣੀ ਰਵਾਇਤ ਦੇ ਉਲਟ ਕੇਸ ਗ੍ਰਹਿਸਤੀ ਜੀਵਨ ਦੀ ਸੰਪੂਰਨਤਾ ਦੇ ਪ੍ਰਤੀਕ ਹਨ।



## 22.) ਸਿੱਖ ਧਰਮ ਵਿਚ ਕਰਨਯੋਗ ਗੱਲਾਂ

### ਕਰਨਯੋਗ

1. ਵਾਲਾਂ ਦੀ ਸਾਂਭ ਸੰਭਾਲ ਕਰਨੀ ।
2. ਆਪਣੇ ਜੀਵਨ-ਸਾਥੀ ਨਾਲ ਵਫਾਦਾਰੀ ਰੱਖਣੀ ।
3. ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਅਤੇ ਇਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਨਾ ।
4. ਅੰਮ੍ਰਿਤ ਛਕਣਾ ਅਤੇ ਰਹਿਤ-ਮਰਯਾਦਾ ਦਾ ਪਾਲਨ ਕਰਨਾ ।
5. ਤੜ੍ਹਕੇ ਉੱਠ ਇਸ਼ਨਾਨ ਕਰਨਾ, ਨਿਤਨੇਮ ਕਰਨਾ ਅਤੇ ਕੁਝ ਸਮਾਂ ਸੰਗਤ ਵਿਚ ਬੈਠਣਾ ।
6. ਹਰ ਵੇਲੇ ਉਸਦੀ ਯਾਦ, ਭਾਓ ਅਤੇ ਭਉ ਵਿਚ ਰਹਿਣਾ ।
7. ਨੇਕ ਕਮਾਈ ਕਰਨੀ ਅਤੇ ਲੋੜਵੰਦਾਂ ਦੀ ਮਦਦ ਕਰਨੀ ।
8. ਦੇਗ਼ ਚਲਾਉਣੀ । (ਦੇਗ: ਉਦਾਰਤਾ ਅਤੇ ਖੁਸ਼ਹਾਲੀ ਦਾ ਚਿੰਨ੍ਹ ਅਤੇ ਵੰਡ ਛਕਣ ਦਾ ਪ੍ਰਤੀਕ ਹੈ।)
9. ਤੇਗ਼ ਵਾਹੁਣੀ (ਤੇਗ: ਤਾਕਤ ਅਤੇ ਹੱਕ, ਇਨਸਾਫ ਦਾ ਚਿੰਨ੍ਹ ਅਤੇ ਗਊ, ਗ਼ਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦਾ ਪ੍ਰਤੀਕ ਹੈ।)
10. ਸੱਚ ਬੋਲਣਾ ਅਤੇ ਸਚਿਆਰ ਜੀਵਨ ਜੀਊਣਾ ।
11. ਧਰਮ, ਜਾਤ, ਰੰਗ, ਨਸਲ, ਰੁਤਬੇ ਅਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਦੁਖੀ ਮਨੁੱਖਤਾ ਨਾਲ ਪਿਆਰ ਅਤੇ ਉਸਦੀ ਸੇਵਾ ਕਰਨੀ ।
12. ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਣਾ ।
13. ਸਭ ਦੇ ਬਰਾਬਰ ਦੇ ਹੱਕਾਂ ਦਾ ਆਦਰ ਕਰਨਾ, ਸਤੀ-ਪ੍ਰਥਾ ਦਾ ਵਿਰੋਧ ਕਰਨਾ ਅਤੇ ਵਿਧਵਾਵਾਂ ਦੇ ਮੁੜ-ਵਿਆਹ ਨੂੰ ਉਤਸ਼ਾਹਤ ਕਰਨਾ ।
14. ਚੰਗੇ ਗੁਣ ਜਿਵੇਂ ਸੱਚਾਈ, ਈਮਾਨਦਾਰੀ, ਹਲੀਮੀ, ਨਿਰਪੱਖਤਾ, ਇਨਸਾਫ, ਪਰਉਪਕਾਰ, ਕ੍ਰਿਤੱਗਤਾ, ਵਫਾਦਾਰੀ ਅਤੇ ਹੋਰ ਸਭ ਨੈਤਿਕ ਅਤੇ ਪਰਿਵਾਰਕ ਗੁਣ ਗ੍ਰਹਿਣ ਕਰਨਾ ।
15. ਚੜ੍ਹਦੀ ਕਲਾ ਵਿਚ ਰਹਿਣਾ, ਭਾਣਾ ਮੰਨਣਾ ਅਤੇ ਸਰਬੱਤ ਦਾ ਭਲਾ ਮੰਗਣਾ ।
16. ਬਾਣੀ ਪੜ੍ਹਨੀ, ਪੜ੍ਹਾਉਣੀ, ਵਿਚਾਰਨੀ ਅਤੇ ਇਸ 'ਤੇ ਅਮਲ ਕਰਨਾ ।

## 23. ਨਾ-ਕਰਨਯੋਗ

1. ਵਾਲਾਂ ਦੀ ਬੇ-ਅਦਬੀ ਕਰਨਾ ।
2. ਸ਼ਰਾਬ, ਸਿਗਰੇਟ, ਤੰਮਾਕੂ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਰਨਾ ।
3. ਆਪਣੇ ਜੀਵਨ ਸਾਥੀ ਤੋਂ ਬਗੈਰ ਕਿਸੇ ਹੋਰ ਨਾਲ ਸਰੀਰਕ ਸੰਬੰਧ ਬਨਾਉਣੇ।
4. ਕੁੱਠਾ ਖਾਣਾ ।
5. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਝਗੜਾ, ਸਾੜਾ, ਚੁਗਲੀ, ਨਿੰਦਾ, ਖੁਸ਼ਾਮਦ ਕਰਨਾ ।
6. ਬੱਚੀ-ਕੁਸ਼ੀ ਅਤੇ ਗਰਭ-ਪਾਤ ਕਰਨੇ ।
7. ਮੜ੍ਹੀਆਂ, ਕਬਰਾਂ ਦੀ ਪੂਜਾ ਕਰਨੀ ।
8. ਕਿਸੇ ਦੇਹ-ਧਾਰੀ ਨੂੰ ਗੁਰੂ ਮੰਨਣਾ ਅਤੇ ਡੇਰਾ-ਵਾਦ ਨੂੰ ਬੜ੍ਹਾਵਾ ਦੇਣਾ ।
9. ਸਤੀ ਪ੍ਰਥਾ ਜਾਰੀ ਰੱਖਣਾ ਅਤੇ ਵਿਧਵਾਵਾਂ ਦੇ ਮੁੜ-ਵਿਆਹ ਦਾ ਵਿਰੋਧ ਕਰਨਾ ।
10. ਔਰਤਾਂ ਨੂੰ ਬੰਦੀ ਬਨਾਉਣਾ, ਉਨ੍ਹਾਂ ਦਾ ਸ਼ੋਸ਼ਨ ਕਰਨਾ।
11. ਬੁੱਤ ਪੂਜਾ ਕਰਨਾ ।
12. ਦੂਈ, ਦਵੈਤ, ਢੋਂਗ, ਵਹਿਮ-ਭਰਮ ਅਤੇ ਵਿਅਰਥ ਕਰਮ-ਕਾਂਡ ਕਰਨੇ ।
13. ਜਾਤ-ਪਾਤੀ ਵਿਤਕਰਾ ਅਤੇ ਛੂਤ-ਛਾਤ ਕਰਨਾ ।
14. ਆਪਣੇ ਦੇਸ, ਕੌਮ ਅਤੇ ਸਮਾਜ ਵਿਰੋਧੀ ਕੋਈ ਵੀ ਹਰਕਤ ਕਰਨਾ ।
15. ਬਹੁਤਾ ਖਾਣਾ, ਸੌਣਾ ਜਾਂ ਬੋਲਣਾ ।
16. ਸਰਾਧ ਕਰਨੇ ।



# 24. ਸਹਾਇਕ ਹਵਾਲਾ ਪੁਸਤਕਾਂ ਦੀ ਸੂਚੀ

1. ਸਿੰਘ ਸਾਹਿਬ ਗਿਆਨੀ ਨਰਿੰਜਨ ਸਿੰਘ :
   ਅਨੋਖਾ ਸ਼ਹੀਦਬਾਬਾ ਦੀਪ ਸਿੰਘ ਜੀ ਸ਼ਹੀਦ
2. ਸਿੱਖ ਮਿਸ਼ਨਰੀ ਕਾਲਜ (ਰਜਿ.) ਲੁਧਿਆਣਾ : ਅਪ੍ਰੈਲ 2002
   ਮਹਾਨ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਕਿਤਾਬਚਾ ਨੰ. 52
3. ਡਾ. ਗੰਡਾ ਸਿੰਘ ਤੇ ਪ੍ਰਿੰ. ਤੇਜਾ ਸਿੰਘ : ਗੁਰਮਤਿ ਪ੍ਰਕਾਸ਼ : ਜੂਨ 2004
   ਬਾਬਾ ਬੰਦਾ ਸਿੰਘ ਬਹਾਦਰ : ਵਿਅਕਤਿਤਵ ਅਤੇ ਪ੍ਰਾਪਤੀਆਂ

## 25. ਪਿੰਗਲਵਾੜਾ ਸੰਸਥਾ ਵਲੋਂ ਕੀਤੇ ਜਾ ਰਹੇ ਕਾਰਜ:

**1. ਨਿਵਾਸ ਅਤੇ ਸੰਭਾਲ**:- ਪਿੰਗਲਵਾੜਾ ਦੀਆਂ ਵੱਖ-ਵੱਖ 07 ਬ੍ਰਾਂਚਾਂ ਵਿਚ 1803 ਮਰੀਜ਼ਾਂ ਦੇ ਰਹਿਣ ਦਾ ਪ੍ਰਬੰਧ ਹੈ ਅਤੇ ਬਜ਼ੁਰਗਾਂ ਦੇ ਰਹਿਣ ਲਈ 'ਆਪਣਾ ਘਰ' (ਬਿਰਧ ਘਰ) ਹੈ। ਸਾਰੀਆਂ ਬ੍ਰਾਂਚਾਂ ਵਿਚ ਮਰਦਾਂ ਅਤੇ ਔਰਤਾਂ ਦੇ ਰਹਿਣ ਲਈ ਵੱਖਰੇ-ਵੱਖਰੇ ਵਾਰਡ ਹਨ। ਵੱਖ-ਵੱਖ ਰੋਗਾਂ ਤੋਂ ਪੀੜਤ ਰੋਗੀਆਂ ਲਈ ਵੀ ਵੱਖਰੇ ਅਤੇ ਵਿਸ਼ੇਸ਼ ਪ੍ਰਬੰਧ ਹਨ।

**2. ਇਲਾਜ ਅਤੇ ਸਹੂਲਤਾਂ**:-

(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ ਉੱਤੇ 90 ਲੱਖ ਰੁਪਏ ਸਾਲਾਨਾ ਖਰਚ ਕੀਤੇ ਜਾਂਦੇ ਹਨ।

(ਅ) ਅਲਟਰਾਸਾਊਂਡ ਕੇਂਦਰ ਵੀ ਸੰਨ 2009 ਤੋਂ ਚਲ ਰਿਹਾ ਹੈ।

(ੲ) ਸਹਾਇਕ ਸਟਾਫ:- ਮਾਨਸਿਕ ਰੋਗੀਆਂ ਦੀ ਸੇਵਾ ਸੰਭਾਲ ਲਈ ਨਰਸਾਂ ਦਾ ਪ੍ਰਬੰਧ 7X24 ਹੈ ।

(ਸ) ਖੂਨ ਦਾਨ ਕੈਂਪ:- ਮਰੀਜ਼ਾਂ ਲਈ ਖੂਨ ਦੀ ਲੋੜ ਪੂਰੀ ਕਰਨ ਲਈ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੀ ਬਰਸੀ ਮੌਕੇ ਹਰ ਸਾਲ ਖੂਨ ਦਾਨ ਕੈਂਪ ਲਗਾਇਆ ਜਾਂਦਾ ਹੈ।

(ਹ) ਬਨਾਵਟੀ ਅੰਗ ਕੇਂਦਰ:-ਲੋੜਵੰਦ ਨੂੰ ਬਨਾਵਟੀ ਅੰਗ ਫ੍ਰੀ ਲਗਾਏ ਜਾਂਦੇ ਹਨ ।

(ਕ) ਐਂਬੂਲੈਂਸ :- ਮੁਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸ, ਸੜਕ ਹਾਦਸਿਆਂ ਦੇ ਪੀੜਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਬਧ ਰਹਿੰਦੀ ਹੈ। ਪਿੰਗਲਵਾੜੇ ਦੇ ਆਪਣੇ ਰੋਗੀਆਂ ਨੂੰ ਹਸਪਤਾਲ ਲੈ ਜਾਣ ਲਈ ਵੀ ਐਂਬੂਲੈਂਸਾਂ ਉਪਲਬਧ ਹਨ।

(ਖ) ਛੋਟੇ ਬੱਚਿਆਂ ਦਾ ਬੋਲਾਪਨ ਚੈੱਕ ਕਰਨ ਲਈ Bera Test ਫ੍ਰੀ ਕੀਤਾ ਜਾਂਦਾ ਹੈ।

(ਗ) ਸਪੈਸ਼ਲ ਓਪਰੇਸ਼ਨ ਥੀਏਟਰ :-ਇਸ ਓਪਰੇਸ਼ਨ ਥੀਏਟਰ ਵਿਚ ਜਨਰਲ ਸਰਜਰੀ ਅਤੇ ਕੰਨਾਂ ਦੀ ਸਰਜਰੀ ਅਤੇ ਕਾਕਲੀਅਰ ਇੰਪਲਾਂਟ ਕੀਤੇ ਜਾਂਦੇ ਹਨ ।



(ਘ) ਦੰਦਾਂ ਦਾ ਕਲੀਨਿਕ :- ਅੰਮ੍ਰਿਤਸਰ ਅਤੇ ਚੰਡੀਗੜ੍ਹ ਬ੍ਰਾਂਚ ਵਿਖੇ ਦੰਦਾਂ ਦੇ ਕਲੀਨਿਕ ਸਥਾਪਿਤ ਕੀਤੇ ਗਏ ਹਨ।

(ਙ) ਫਿਜ਼ਿਓਥਰੈਪੀ ਕੇਂਦਰ :- ਆਧੁਨਿਕ ਮਸ਼ੀਨਾਂ ਅਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਗਰੀਬ ਲੋੜਵੰਦ ਮਰੀਜ਼ ਲਈ ਫਿਜ਼ਿਓਥਰੈਪੀ ਦਾ ਪ੍ਰਬੰਧ ਹੈ।

(ਚ) ਸੰਬੇਦੀ ਕੇਂਦਰ (Sensory Centre)ਸਪੈਸ਼ਲ ਬੱਚਿਆਂ ਲਈ ਇਹ ਕੇਂਦਰ ਬਣਾਏ ਗਏ ਹਨ।

(ਛ) ਅੱਖਾਂ ਦਾ ਜਾਂਚ ਕੇਂਦਰ :- ਸੰਸਥਾ ਦੇ ਮਰੀਜ਼ਾਂ ਅਤੇ ਗਰੀਬ ਲੋੜਵੰਦਾਂ ਲਈ ਇਹ ਸੁਵਿਧਾ ਉਪਲਬਧ ਹੈ।

(ਜ) ਪੁਨਰਵਾਸ ਕੇਂਦਰ:- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਇਸ ਕੇਂਦਰ ਵਿਚ ਲੋੜੀਂਦੀ ਸਿਖਲਾਈ ਦਿਤੀ ਜਾਂਦੀ ਹੈ।

(ਝ) ਯੋਗ ਲੜਕੇ-ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ ।

3. **ਮੁਫਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ** :-

(ੳ) ਮਾਨਾਂਵਾਲਾ ਕੰਪਲੈਕਸ ਵਿਖੇ ਸੀ. ਸੈ. ਸਕੂਲ ਅਤੇ ਬੁੱਟਰ ਕਲਾਂ ਵਿਖੇ ਦਸਵੀਂ ਜਮਾਤ ਤਕ ਸਕੂਲ ਚਲਾਏ ਜਾ ਰਹੇ ਹਨ, ਜਿਥੇ ਗਰੀਬ ਬੱਚਿਆਂ ਨੂੰ ਮੁਫਤ ਵਿੱਦਿਆ ਦਿੱਤੀ ਜਾਂਦੀ ਹੈ।

(ਅ) ਮਾਨਾਂਵਾਲਾ ਕੰਪਲੈਕਸ ਵਿਖੇ ਇਕ ਬੋਲੇ ਬੱਚਿਆਂ ਦਾ ਸਕੂਲ ਹੈ।

(ੲ) ਇਕ ਬੋਲੇ ਬੱਚਿਆਂ ਦਾ ਸਕੂਲ ਕਟੋਰਾ (ਫਿਰੋਜਪੁਰ) ਵਿਖੇ ਹੈ।

(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ ਅਤੇ ਇਕ ਪਲਸੌਰਾ ਬ੍ਰਾਂਚ ਚੰਡੀਗੜ੍ਹ ਵਿਖੇ ਚਲ ਰਿਹਾ ਹੈ।

(ਹ) ਦਸਤਕਾਰੀ ਸਿਖਿਆ ਕੇਂਦਰ:- ਬੱਚਿਆਂ ਦੇ ਚੰਗੇਰੇ ਭਵਿੱਖ ਲਈ ਸਲਾਈ ਅਤੇ ਕਢਾਈ ਕੇਂਦਰ ਚਲਾਏ ਜਾ ਰਹੇ ਹਨ ।

(ਕ) ਕੰਪਿਊਟਰ ਸਿੱਖਿਆ :- ਸੀ. ਸੈ. ਸਕੂਲ ਮਾਨਾਂਵਾਲਾ ਕੰਪਲੈਕਸ ਵਿਖੇ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਦਿਤੀ ਜਾਂਦੀ ਹੈ।

(ਖ) ਹੋਸਟਲ ਦਾ ਪ੍ਰਬੰਧ:- ਮਾਨਾਂਵਾਲਾ ਕੰਪਲੈਕਸ ਵਿਖੇ 176 ਲੜਕੇ-

ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲ ਹਨ।

4. **ਵਾਤਾਵਰਣ ਜਾਗਰੂਕਤਾ**:- ਸਕੂਲਾਂ, ਕਾਲਜਾਂ, ਸ਼ਮਸ਼ਾਨਘਾਟਾਂ ਅਤੇ ਜਨਤਕ ਸਥਾਨਾਂ 'ਤੇ ਰੁੱਖ ਲਗਾਏ ਜਾਂਦੇ ਹਨ ।

(ੳ) ਨਰਸਰੀ :- ਇਕ ਰਨਸਰੀ ਸਥਾਪਤ ਕੀਤੀ ਗਈ ਹੈ।

(ਅ) ਕੁਦਰਤੀ ਖੇਤੀ :-32½ ਏਕੜ ਦੇ ਫਾਰਮ ਵਿਚ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਤੋਂ ਬਗੈਰ ਕੁਦਰਤੀ ਖੇਤੀ ਕੀਤੀ ਜਾਂਦੀ ਹੈ।

(ੲ) ਵਾਤਾਵਰਣ ਸੰਬੰਧੀ ਸੈਮੀਨਾਰ ਅਤੇ ਵਰਕਸ਼ਾਪ ਲਗਾਏ ਜਾਂਦੇ ਹਨ।

(ਸ) Water Harvesting ਅਤੇ Solar Power ਸਥਾਪਤ ਕਰਵਾਏ ਗਏ ਹਨ।

5. **ਪੂਰਨ ਪ੍ਰਿੰਟਿੰਗ ਪ੍ਰੈਸ**:- ਇਸ ਪ੍ਰੈਸ ਵਿਚ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ, ਜਨ ਸਧਾਰਨ ਵਿਚ ਮੁਫਤ ਵੰਡਿਆ ਜਾਂਦਾ ਹੈ।

6. **ਸਮਾਜ ਕਲਿਆਣ ਸਬੰਧੀ ਕਾਰਜ**:-

(ੳ) ਕੁਦਰਤੀ ਆਫਤਾਂ ਤੋਂ ਪੀੜਤ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ।

(ਅ) ਲਾਵਾਰਸ ਲਾਸ਼ਾਂ ਦਾ ਪੂਰੇ ਸਤਿਕਾਰ ਨਾਲ ਸਸਕਾਰ ਕੀਤਾ ਜਾਂਦਾ ਹੈ।

(ੲ) ਅਜਾਇਬ ਘਰ ਸਥਾਪਿਤ ਕੀਤੇ ਗਏ ਹਨ ਅਤੇ ਦਸਤਵੇਜੀ ਫਿਲਮਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਰਾਹੀਂ ਸੰਸਥਾ ਦੇ ਬਾਨੀ ਅਤੇ ਬਾਕੀ ਸੰਚਾਲਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

7. ਇਕ ਗਊਸ਼ਾਲਾ ਚਲਾਈ ਜਾ ਰਹੀ ਹੈ, ਜਿਸ ਵਿਚ 120 ਦੇ ਕਰੀਬ ਮੱਝਾਂ ਅਤੇ ਗਊਆਂ ਰੱਖੀਆਂ ਹੋਈਆਂ ਹਨ।

8. **ਭਗਤ ਪੂਰਨ ਸਿੰਘ ਸਮਾਰਕ**:- ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਦੀ ਜਨਮ ਸ਼ਤਾਬਦੀ ਉੱਤੇ ਉਨ੍ਹਾਂ ਦੇ ਜੱਦੀ ਪਿੰਡ: ਰਾਜੇਵਾਲ, ਤਹਿ. ਖੰਨਾ, ਜਿਲ੍ਹਾ. ਲੁਧਿਆਣਾ ਵਿਖੇ 'ਭਗਤ ਪੂਰਨ ਸਿੰਘ ਸਮਾਰਕ' ਬਣਾਇਆ ਗਿਆ ਹੈ, ਜਿਸ ਵਿਚ ਅਜਾਇਬ ਘਰ ਅਤੇ ਪਿੰਡ ਵਾਸੀਆਂ ਲਈ ਪੜ੍ਹਨ ਵਾਲਾ ਕਮਰਾ ਅਤੇ ਪਬਲਿਕ ਪਾਰਕ ਬਣਾਏ ਗਏ ਹਨ।



# ਅਪੀਲ

**ਸੇਵਕ ਕਉ ਸੇਵਾ ਬਨਿ ਆਈ ॥**
**ਹੁਕਮੁ ਬੂਝਿ ਪਰਮ ਪਦੁ ਪਾਈ ॥**

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਮਾਹੌਲ ਵਿਚ ਅਤੇ ਗੁਰਬਾਣੀ ਦੀ ਸਿੱਖਿਆ 'ਤੇ ਚਲਦਿਆਂ ਭਗਤ ਪੂਰਨ ਸਿੰਘ ਜੀ ਨੇ ਜੋ ਲਾਹੌਰ ਵਿਖੇ ਨਿਸ਼ਕਾਮ ਸੇਵਾ ਦਾ ਕੰਮ ਆਰੰਭ ਕੀਤਾ ਸੀ, ਉਸ ਨੂੰ ਅੰਮ੍ਰਿਤਸਰ ਪਹੁੰਚ ਕੇ ਅਮਲੀ ਜਾਮਾ ਪਹਿਨਾਇਆ ਗਿਆ। ਦੇਸ਼ ਦੀ ਵੰਡ ਸਮੇਂ 18 ਅਗਸਤ 1947 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਵਿਚ ਪੁਜ ਕੇ ਭਗਤ ਜੀ ਨੇ ਦੁਖੀ ਮਨੁੱਖਤਾ ਦੀ ਸੇਵਾ ਬੜੀ ਸ਼ਿੱਦਤ ਨਾਲ ਆਰੰਭ ਕਰ ਦਿੱਤੀ ਜੋ ਕਿ ਹੈਜ਼ੇ ਦੀ ਵਬਾ ਕਾਰਨ ਉਸ ਵੇਲੇ ਦੀ ਲੋੜ ਬਣ ਗਈ ਸੀ । ਇਸ ਤੋਂ ਪਿੱਛੋਂ ਉਹਨਾਂ ਨੇ ਕਦੀ ਪਿੱਛਾ ਭੌਂ ਕੇ ਨਹੀਂ ਵੇਖਿਆ ਅਤੇ ਮੌਜੂਦਾ ਰੂਪ ਵਿਚ ਪਿੰਗਲਵਾੜਾ ਬਣਨ ਤਕ ਇਸ ਦੇ ਬਾਨੀ ਨੂੰ ਦਿਨ-ਰਾਤ ਇਕ ਕਰਕੇ ਸਖ਼ਤ ਘਾਲਣਾ ਘਾਲਣੀ ਪਈ । ਪਿੰਗਲਵਾੜਾ ਵਿਚ ਇਸ ਵੇਲੇ 1770 (31-01-2020) ਤੀਕ ਲਾਚਾਰ ਰੋਗੀ ਹਨ ਜਿਨ੍ਹਾਂ ਦੀ, ਬਿਨਾਂ ਧਰਮ, ਜਾਤ, ਨਸਲ ਜਾਂ ਰੰਗ ਦੇ ਵਿਤਕਰੇ ਦੇ, ਸੇਵਾ ਸੰਭਾਲ ਕੀਤੀ ਜਾਂਦੀ ਹੈ । ਇਹਨਾਂ ਵਿਚ ਲਾਚਾਰ, ਅਪਾਹਿਜ, ਬਿਮਾਰ ਅਤੇ ਪਾਗ਼ਲ ਔਰਤਾਂ, ਮਰਦ, ਬੱਚੇ ਅਤੇ ਬੁੱਢੇ ਸ਼ਾਮਲ ਹਨ । ਇਹਨਾਂ ਵਿਚ ਕੁਝ ਨਾ ਠੀਕ ਹੋਣ ਵਾਲੇ ਅਤੇ ਭਿਆਨਕ ਰੋਗਾਂ ਤੋਂ ਗ੍ਰਸਤ ਰੋਗੀ ਸ਼ਾਮਲ ਹਨ ।

ਇਸ ਤੋਂ ਇਲਾਵਾ, ਬਹੁਤ ਸਾਰਾ ਸਾਹਿਤ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ। ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦਿੱਤੀ ਜਾਂਦੀ ਹੈ। ਅਪਾਹਿਜਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਏ ਜਾਂਦੇ ਹਨ ਅਤੇ ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧਤਾ ਲਈ ਸਰਕਾਰੀ ਅਤੇ ਸਾਂਝੀਆਂ ਥਾਵਾਂ 'ਤੇ ਮੁਫ਼ਤ ਰੁੱਖ ਲਗਾਏ ਜਾਂਦੇ ਹਨ, ਇਤਿਆਦਿ।

ਪਿੰਗਲਵਾੜੇ ਦਾ ਰੋਜ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੀ ਵੱਧ ਹੈ ਜੋ ਕਿ ਦਾਨੀ ਸੱਜਣਾਂ ਅਤੇ ਪਿੰਗਲਵਾੜੇ ਦੇ ਹਿਤੈਸ਼ੀਆਂ ਵੱਲੋਂ ਦਿੱਤੇ ਦਾਨ ਅਤੇ ਸਹਾਇਤਾ ਨਾਲ ਚਲਦਾ ਹੈ । ਦਾਨੀ ਸੱਜਣਾਂ ਨੂੰ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਸੰਸਥਾ ਨੂੰ ਮਨੀਆਰਡਰ, ਬੈਂਕ ਡਰਾਫਟ ਅਤੇ ਚੈੱਕ ਰਾਹੀਂ ਦਾਨ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਇਸ ਸ਼ੁਭ ਕੰਮ ਨੂੰ ਜਾਰੀ ਰੱਖਿਆ ਜਾਵੇ ।

* Foreign A/c no. 01562010002890, Oriental Bank of Commerce, Sharif Pura, Amritsar-143001
* Inland A/c no. 01562010003720, Oriental Bank of Commerce, Sharif Pura, Amritsar-143001

**ਡਾ. ਇੰਦਰਜੀਤ ਕੌਰ,**

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।
ਫ਼ੋਨ ਨੰ: 0183-2584713, 2584586 ਫੈਕਸ 0183-2584586
*Email: pingalwara57@gmail.com, Website: www.pingalwara.org*